# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 11 ISSUE : 47 SATURDAY, 18 NOVEMBER, 2023

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
• Residential Mortgage
• Construction Mortgage
• Commercial Loan
• Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• RESP,RRSP's
• ਮੋਰਟਗੇਜ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com


# ਏਅਰ ਇੰਡੀਆਂ ਦੀਆਂ ਉਡਾਨਾਂ ਖ਼ਿਲਾਫ਼ ਧਮਕੀਆਂ ਦੀ ਕੈਨੇਡਾ ਵਲੋਂ ਜਾਂਚ

ਓਟਵਾ-ਕੈਨੇਡਾ ਦੇ ਟਰਾਂਸਪੋਰਟ ਮੰਤਰੀ ਪਾਬਲੋ ਰੌਡਰਿਗਜ਼ ਅਤੇ ਆਰਸੀਐਮਪੀ ਨੇ ਕਿਹਾ ਕਿ 19 ਨਵੰਬਰ ਨੂੰ ਏਅਰਲਾਈਨ ਵਿਚ ਸਫਰ ਨਾ ਕਰਨ ਦੀ ਲੋਕਾਂ ਨੂੰ ਚਿਤਾਵਨੀ ਵਾਲੀ ਵੀਡੀਓ ਆਨਲਾਈਨ ਪਾਏ ਜਾਣ ਪਿੱਛੋਂ ਏਅਰ ਇੰਡੀਆ ਖਿਲਾਫ ਧਮਕੀਆਂ ਦੀ ਜਾਂਚ ਕੀਤੀ ਜਾ ਰਹੀ ਹੈ। ਰੌਡਰਿਗਜ਼ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਿਚ ਕਿਹਾ ਕਿ ਸਰਕਾਰ ਹਵਾਬਾਜ਼ੀ ਖਿਲਾਫ ਕਿਸੇ ਵੀ ਧਮਕੀ ਨੂੰ ਬਹੁਤ ਹੀ ਗੰਭੀਰਤਾ ਨਾਲ ਲੈਂਦੀ ਹੈ। ਉਨ੍ਹਾਂ ਦੱਸਿਆ ਕਿ ਕੈਨੇਡਾ ਤੇ ਉਸ ਦੇ ਸੁਰੱਖਿਆ ਭਾਈਵਾਲ ਆਨਲਾਈਨ ਦਿੱਤੀਆਂ ਜਾ ਰਹੀਆਂ ਤਾਜ਼ਾ ਧਮਕੀਆਂ ਦੀ ਜਾਂਚ ਕਰ ਰਹੇ ਹਨ ਅਤੇ ਉਨ੍ਹਾਂ ਦੇ ਸਕੱਤਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਰੌਡਰਿਗਜ਼ ਏਅਰ ਇੰਡੀਆ ਬਾਰੇ ਟਿੱਪਣੀਆਂ ਦਾ ਜ਼ਿਕਰ ਕਰ ਰਹੇ ਸਨ। ਆਰਸੀਐਮਪੀ ਦੀ ਮਹਿਲਾ ਬੁਲਾਰਨ ਕ੍ਰਿਸਟੀਨ ਕੇਲੀ ਨੇ ਕਿਹਾ ਕਿ ਪੁਲਿਸ ਘਰੇਲੂ ਤੇ ਅੰਤਰਰਾਸ਼ਟਰੀ ਭਾਈਵਾਲਾਂ ਤੇ ਇੰਡਸਟਰੀ ਧਿਰਾਂ ਨਾਲ ਮਿਲ ਕੇ ਏਅਰ ਇੰਡੀਆ ਦੀਆਂ ਉਡਾਨਾਂ ਖਿਲਾਫ ਧਮਕੀ ਦੀ ਜਾਂਚ ਕਰ ਰਹੀ ਹੈ। ਏਅਰ ਇੰਡੀਆ ਬਾਰੇ ਮੂਲ ਟਿੱਪਣੀ ਗੁਰਪਤਵੰਤ ਸਿੰਘ ਪਨੂੰ ਨੇ ਕੀਤੀ ਸੀ ਜਿਹੜਾ ਸਰੀ ਵਿਚ ਤਾਜ਼ਾ ਵੋਟਾਂ ਸਮੇਤ ਸਿੱਖਾਂ ਦੀ ਆਜ਼ਾਦੀ ਲਈ ਗੈਰ ਅਧਿਕਾਰਤ ਰਾਇਸ਼ੁਮਾਰੀ ਦਾ ਸੰਚਾਲਕ ਹੈ। ਪਨੂੰ ਪੰਜਾਬੀ ਤੇ ਅੰਗਰੇਜ਼ੀ ਦੇ ਮਿਸ਼ਰਣ ਵਾਲੀ ਇਕ ਵੀਡੀਓ ਵਿਚ ਸਿੱਖਾਂ ਨੂੰ 19 ਨਵੰਬਰ ਨੂੰ ਏਅਰ ਇੰਡੀਆ ਦੀ ਉਡਾਨ ਵਿਚ ਸਫਰ ਨਾ ਕਰਨ ਲਈ ਕਹਿ ਰਿਹਾ ਹੈ ਕਿਉਂਕਿ ਉਸ ਦਿਨ ਏਅਰਲਾਈਨ ਦੀ ਗਲੋਬਲ ਨਾਕਾਬੰਦੀ ਹੋਵੇਗੀ। ਪਨੂੰ ਨੇ ਇਕ ਬਿਆਨ ਵਿਚ ਕਿਹਾ ਕਿ ਉਹ ਏਅਰ ਇੰਡੀਆ ਤੇ ਦੂਸਰੇ ਕਾਰੋਬਾਰਾਂ ਦੇ ਬਾਈਕਾਟ ਦਾ ਸੱਦਾ ਦੇ ਰਿਹਾ ਹੈ ਜਿਹੜੇ ਭਾਰਤ ਸਰਕਾਰ ਦੀ ਸਹਾਇਤਾ ਕਰਦੇ ਹਨ। ਪਨੂੰ ਨੇ ਆਪਣੇ ਬਿਆਨ ਵਿਚ ਕਿਹਾ ਕਿ ਧਮਕੀ ਵਾਲੀ ਕੋਈ ਗੱਲ ਨਹੀਂ। ਆਰਸੀਐਮਪੀ ਨੂੰ ਅੱਤਵਾਦੀ ਖਤਰੇ ਦੀ ਜਾਂਚ ਕਰਨ ਦਾ ਪੂਰਾ ਅਧਿਕਾਰ ਹੈ। ਜੇਕਰ ਉਹ ਇਹ ਸਮਝਦੇ ਹਨ ਕਿ ਸਿਵਲ ਨਾਫਰਮਾਨੀ ਵਜੋਂ ਏਅਰ ਇੰਡੀਆ ਦੇ ਬਾਈਕਾਟ ਦਾ ਸੱਦਾ ਦੇਣਾ ਦਹਿਸ਼ਤ ਵਾਲੀ ਗੱਲ ਹੈ ਤਾਂ ਉਨ੍ਹਾਂ ਨੂੰ ਜਾਂਚ ਕਰਨ ਦਿਉ।

# ਟਰੂਡੋ ਨੇ ਇਜ਼ਰਾਈਲ ਨੂੰ ਗਜ਼ਾ ਵਿਚ ਵੱਧ ਤੋਂ ਵੱਧ ਸੰਜਮ ਵਰਤਣ ਦੀ ਕੀਤੀ ਅਪੀਲ

ਓਟਵਾ-ਪ੍ਰਧਾਨ ਮਤਰੀ ਜਸਟਿਨ ਟਰੂਡੋ ਨੇ ਇਜ਼ਰਾਈਲ ਸਰਕਾਰ ਨੂੰ ਗਜ਼ਾ ਵਿਚ ਅਤੇ ਟੈਰੀਟਰੀ ਦੇ ਸਭ ਤੋਂ ਵੱਡੇ ਹਸਪਤਾਲ ਦੇ ਦੁਆਲੇ ਆਪਣੀਆਂ ਸੈਨਿਕ ਕਾਰਵਾਈਆਂ ਵਿਚ ਵੱਧ ਤੋਂ ਵੱਧ ਸੰਜਮ ਵਰਤਣ ਦੀ ਅਪੀਲ ਕੀਤੀ ਹੈ। ਟਰੂਡੋ ਨੇ ਮੈਪਲ ਰਿਜ ਬੀਸੀ ਵਿਚ ਗੱਲਬਾਤ ਕਰਦਿਆਂ ਕਿਹਾ ਕਿ ਗਜ਼ਾ ਵਿਚ ਜੋ ਮਾਨਵੀ ਦੁਖਾਂਤ ਸਾਹਮਣੇ ਆ ਰਿਹਾ ਹੈ, ਖਾਸਕਰ ਅਲ-ਸ਼ਿਫਾ ਹਸਪਤਾਲ ਦੇ ਅੰਦਰ ਤੇ ਆਲੇ ਦੁਆਲੇ ਦੀ ਪੀੜਾ ਦਿਲ ਦਹਿਲਾਉਣ ਵਾਲੀ ਹੈ। ਉਹ ਇਸ ਗੱਲ ਨੂੰ ਲੈ ਕੇ ਸਪਸ਼ਟ ਹਨ ਕਿ ਨਿਆਂ ਦੀ ਕੀਮਤ ਸਾਰੇ ਫਲਸਤੀਨੀ ਆਮ ਨਾਗਰਿਕਾਂ ਨੂੰ ਨਿਰੰਤਰ ਦੁੱਖ ਦੇਣਾ ਨਹੀਂ ਹੋ ਸਕਦੀ। ਜੰਗਾਂ ਦੇ ਨਿਯਮ ਹੁੰਦੇ ਹਨ। ਇਜ਼ਰਾਈਲ ਅਤੇ ਫਲਸਤੀਨ ਵਿਚ ਸਾਰੀਆਂ ਨਿਰਦੋਸ਼ ਜਾਨਾਂ ਦੀ ਕੀਮਤ ਬਰਾਬਰ ਹੈ। ਉਹ ਇਜ਼ਰਾਈਲ ਦੀ ਸਰਕਾਰ ਨੂੰ ਵੱਧ ਤੋਂ ਵੱਧ ਸੰਜਮ ਵਰਤਣ ਦੀ ਅਪੀਲ ਕਰਦੇ ਹਨ। ਪੂਰੀ ਦੁਨੀਆਂ ਟੀਵੀ ਤੇ ਸੋਸ਼ਲ ਮੀਡੀਆ ਨੂੰ ਦੇਖ ਰਹੀ ਹੈ। ਅਸੀਂ ਡਾਕਟਰਾਂ, ਪਰਿਵਾਰਕ ਮੈਂਬਰਾਂ ਤੇ ਜਿਉਂਦੇ ਬਚੇ ਲੋਕਾਂ ਦੇ ਬਿਆਨ ਸੁਣੇ ਹਨ। ਉਨ੍ਹਾਂ ਬੱਚਿਆਂ ਬਾਰੇ ਸੁਣਿਆਂ ਜਿਨ੍ਹਾਂ ਨੇ ਆਪਣੇ ਮਾਪਿਆਂ ਨੂੰ ਗੁਆ ਦਿੱਤਾ ਹੈ। ਦੁਨੀਆ ਇਸ ਦੀ ਗਵਾਹ ਹੈ। ਔਰਤਾਂ ਤੇ ਬੱਚਿਆਂ ਦੇ ਕਤਲ ਹੋ ਰਹੇ ਹਨ। ਇਹ ਬੰਦ ਹੋਣਾ ਚਾਹੀਦਾ ਹੈ। ਟਰੂਡੋ ਨੇ ਕੈਨੇਡੀਅਨ ਇਜ਼ਰਾਈਲੀ ਸ਼ਾਂਤੀ ਕਾਰਕੁਨ ਵਿਵੀਅਨ ਸਿਲਵਰ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਿਸ ਬਾਰੇ ਮੰਨਿਆਂ ਜਾਂਦਾ ਹੈ ਕਿ ਉਸ ਨੂੰ 7 ਅਕਤੂਬਰ ਨੂੰ ਹਮਾਸ ਦੇ ਹਮਲੇ ਵਿਚ ਅਗਵਾ ਕਰ ਲਿਆ ਸੀ। ਉਸ ਦੀ ਮੌਤ ਦੀ ਸੋਮਵਾਰ ਪੁਸ਼ਟੀ ਹੋਈ ਹੈ। ਪ੍ਰਧਾਨ ਮੰਤਰੀ ਨੇ ਪਿਛਲੇ ਹਫ਼ਤੇ ਮਾਂਟਰੀਅਲ ਵਿਚ ਯਹੂਦੀ ਵਿਰੋਧੀ ਹਮਲਿਆਂ ਦੀ ਵੀ ਨਿਖੇਧੀ ਕੀਤੀ ਜਿਸ ਵਿਚ ਦੋ ਯਹੂਦੀ ਸਕੂਲਾਂ ਵਿਚ ਹੋਈ ਗੋਲੀਬਾਰੀ ਵੀ ਸ਼ਾਮਿਲ ਹੈ।



## ਇਜ਼ਰਾਈਲ-ਹਮਾਸ ਜੰਗ ਨੂੰ ਲੈ ਕੇ ਕੈਨੇਡਾ ਭਰ ਵਿਚ ਵਿਰੋਧ ਪ੍ਰਦਰਸ਼ਨ

ਓਟਵਾ-ਹੁਣ ਜਦੋਂ ਇਜ਼ਰਾਈਲ ਤੇ ਹਮਾਸ ਵਿਚਕਾਰ ਜੰਗ ਤੇਜ਼ ਹੋ ਗਈ ਹੈ ਤਾਂ ਸਮੁੱਚੇ ਕੈਨੇਡੇ ਦਾ ਸ਼ਹਿਰਾਂ ਵਿਚ ਜੰਗ ਵਿਚ ਸ਼ਾਮਿਲ ਦੋਵੇਂ ਧਿਰਾਂ ਦੇ ਸਮਰਥਕਾਂ ਵਲੋਂ ਰੈਲੀਆਂ ਵਿਚ ਨਾਅਰੇਬਾਜ਼ੀ ਕੀਤੀ, ਮਾਰਚ ਕੀਤੇ ਅਤੇ ਇਨਸਾਫ ਦੀ ਮੰਗ ਕੀਤੀ। ਦਰਜਨਾਂ ਸ਼ਹਿਰਾਂ ਵਿਚ ਫਲਸਤੀਨ ਪੱਖੀ ਮੁਜ਼ਾਹਰਾਕਾਰੀਆਂ ਨੇ ਦੁਸ਼ਮਣੀ ਰੋਕਣ ਦੀ ਮੰਗ ਕੀਤੀ ਜਦਕਿ ਟੋਰਾਂਟੋ ਵਿਚ ਹਜ਼ਾਰਾਂ ਲੋਕਾਂ ਨੇ ਹਮਲੇ ਦੌਰਾਨ ਹਮਾਸ ਵਲੋਂ ਬੰਧਕ ਬਣਾਏ ਗਏ ਇਜ਼ਰਾਈਲੀਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਜੰਗਬੰਦੀ ਲਈ ਵਧ ਰਹੀਆਂ ਅਪੀਲਾਂ ਦਰਮਿਆਨ ਇਕਜੁਟਤਾ ਦੇ ਪ੍ਰਦਰਸ਼ਨ ਕੀਤੇ ਗਏ ਜਦਕਿ ਗਜ਼ਾ ਪੱਟੀ ਵਿਚ ਮੌਤਾਂ ਦੀ ਗਿਣਤੀ ਵਧ ਰਹੀ ਹੈ ਜਿਥੇ ਬਿਜਲੀ ਬੰਦ ਹੋਣ, ਤੇਲ ਦੀ ਕਮੀ ਅਤੇ ਗੋਲਾਬਾਰੀ ਨੇ ਹਫ਼ਤੇ ਦੇ ਅਖੀਰ ਵਿਚ ਹਸਪਤਾਲਾਂ ਵਿਚ ਤਬਾਹੀ ਮਚਾ ਦਿੱਤੀ ਅਤੇ ਇਜ਼ਰਾਈਲੀ ਸੈਨਿਕਾਂ ਅਤੇ ਹਮਾਸ ਲੜਾਕਿਆਂ ਵਿਚਕਾਰ ਭਿਆਨਕ ਝੜਪਾਂ ਹੋਈਆਂ।


For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫ਼ਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
• Complete Denture
• Implant Denture
• Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD
Gagan Chahal R.D.
Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

ਇੰਸ਼ੋਰੈਂਸ ਦੇ ਮਾਹਰ
A INSURANCE
• ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ
• ਵਿਜ਼ਟਰ ਇੰਸ਼ੋਰੈਂਸ
• ਟ੍ਰੈਵਲ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
• RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
BC - ALBERTA ALBERTA - BC
Fuel and Insurance Paid by Company
NO DEDUCTIONS!!
ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸ਼ਨੀਵਾਰ: 604-808-9805
Email:safety@transourcefreightways.com

mortgages lab
ਕਿਸੇ ਵੀ ਤਰ੍ਹਾਂ ਦੀ ਮੋਰਗੇਜ ਲੈਣ ਲਈ ਸੰਪਰਕ ਕਰੋ
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੋਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Get Preapproval in 2 Hours
Licensed professional mortgage broker

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht (Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas and Associates

# Get the legal support you need now.

Serving all of British Columbia

- Family Law
- Personal Injury
- Estate Litigation
- Employment Law
- Immigration Law
- Insurance Denials



We have translators fluent in Hindi and Punjabi.

Book your legal consultation

604 689 8888

simpsonthomas.com

Surrey Office
701 – 13761 96th Avenue
Surrey, BC V3V 0E8

Vancouver Office
501 – 808 Nelson Street
Vancouver, BC V6Z 2H2

Scan QR code to set up a legal consultation with us

**Experienced lawyers for your legal needs.**

@stalawyers

BBB ACCREDITED BUSINESS

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 47 SATURDAY, 18 NOVEMBER, 2023
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਮਜੀਠੀਆ ਵੱਲੋਂ ਪੰਜਾਬ ਦੇ ਇੱਕ ਮੰਤਰੀ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼

## ਸਬੂਤ ਵਾਲੀ ਪੈੱਨ ਡਰਾਈਵ ਮੁੱਖ ਮੰਤਰੀ ਨੂੰ ਸੌਂਪਣ ਦਾ ਐਲਾਨ; ਮੰਤਰੀ ਨੂੰ ਬਰਖ਼ਾਸਤ ਅਤੇ ਗ੍ਰਿਫ਼ਤਾਰ ਕਰਨ ਦੀ ਮੰਗ

ਚੰਡੀਗੜ੍ਹ–ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਸੂਬੇ ਦੇ ਇੱਕ ਮੰਤਰੀ 'ਤੇ ਅਨੈਤਿਕ ਵਿਵਹਾਰ ਦੇ ਦੋਸ਼ ਲਾਉਣ ਦਾ ਅਮਲ ਜਾਰੀ ਰੱਖਦਿਆਂ ਸਬੂਤ ਜਨਤਕ ਕਰਨ ਦੀ ਥਾਂ ਮੁੱਖ ਮੰਤਰੀ ਭਗਵੰਤ ਮਾਨ ਦੇ ਹਵਾਲੇ ਕਰਨ ਦੀ ਗੱਲ ਕਹੀ ਹੈ। ਇੱਥੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਵੇਂ ਮੰਤਰੀ ਦਾ ਨਾਮ ਤਾਂ ਉਨ੍ਹਾਂ ਨਸ਼ਰ ਨਹੀਂ ਕੀਤਾ ਪਰ ਇਹ ਦਾਅਵਾ ਜ਼ਰੂਰ ਕੀਤਾ ਕਿ ਮੰਤਰੀ ਨੇ ਇੱਕ ਮਜਬੂਰ ਤੇ ਲਾਚਾਰ ਮਹਿਲਾ ਨਾਲ ਸਰੀਰਕ ਸਬੰਧ ਬਣਾਏ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਇਸ ਸਬੰਧੀ ਵੀਡੀਓ ਵੀ ਮੌਜੂਦ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਮੰਤਰੀ ਨੂੰ ਤੁਰੰਤ ਵਜ਼ਾਰਤ ਵਿੱਚੋਂ ਬਰਖ਼ਾਸਤ ਕਰਕੇ ਗ੍ਰਿਫ਼ਤਾਰ ਕੀਤਾ ਜਾਵੇ। ਸ੍ਰੀ ਮਜੀਠੀਆ ਨੇ ਕਿਹਾ ਕਿ ਦੀਵਾਲੀ ਤੋਂ ਪਹਿਲਾਂ ਉਨ੍ਹਾਂ ਮੁੱਖ ਮੰਤਰੀ ਤੋਂ ਮਿਲਣ ਲਈ ਸਮਾਂ ਮੰਗਿਆ ਸੀ ਤਾਂ ਜੋ ਮੰਤਰੀ ਵਾਲਾ ਸਬੂਤ ਸੌਂਪਿਆ ਜਾ ਸਕੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਲਈ ਦੀਵਾਲੀ ਦਾ ਤੋਹਫਾ (ਪੈੱਨ ਡਰਾਈਵ) ਪੈਕ ਕਰਵਾਇਆ ਸੀ। ਉਨ੍ਹਾਂ ਕਿਹਾ ਕਿ ਇਹ ਪੈੱਨ ਡਰਾਈਵ ਕਿਸੇ ਜਨਤਕ ਪ੍ਰੋਗਰਾਮ ਵਿੱਚ ਸੌਂਪੀ ਨਹੀਂ ਜਾ ਸਕਦੀ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਨੂੰ ਪੈੱਨ ਡਰਾਈਵ ਸੌਂਪਣਾ ਚਾਹੁੰਦੇ ਹਨ ਤਾਂ ਜੋ ਇਸ ਮਾਮਲੇ ਵਿਚ ਫੌਰੀ ਕਾਰਵਾਈ ਹੋ ਸਕੇ। ਅਕਾਲੀ ਆਗੂ ਨੇ ਸਪੱਸ਼ਟ ਕੀਤਾ ਕਿ ਜੇ ਮੁੱਖ ਮੰਤਰੀ ਨੇ ਆਪਣੇ ਕੈਬਨਿਟ ਸਹਿਯੋਗੀ ਖ਼ਿਲਾਫ ਸਬੂਤ ਲੈਣ ਤੋਂ ਇਨਕਾਰ ਕੀਤਾ ਤਾਂ ਇਸ ਮਾਮਲੇ 'ਤੇ ਅਗਲੀ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਇਸ ਮਾਮਲੇ ਨੂੰ ਮੰਤਰੀ ਲਾਲ ਚੰਦ




ਕਟਾਰੂ ਚੱਕ ਦੇ ਮਾਮਲੇ ਵਾਂਗ ਰਫ਼ਾ ਦਫਾ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਉਹ ਉਦੋਂ ਤੱਕ ਸੰਘਰਸ਼ ਜਾਰੀ ਰੱਖਣਗੇ ਜਦੋਂ ਤੱਕ ਮੰਤਰੀ ਪੂਰੀ ਤਰ੍ਹਾਂ ਬੇਨਕਾਬ ਨਹੀਂ ਹੋ ਜਾਂਦਾ ਤੇ ਉਸ ਦੇ ਖ਼ਿਲਾਫ਼ ਕਾਨੂੰਨ ਮੁਤਾਬਕ ਕਾਰਵਾਈ ਨਹੀਂ ਹੁੰਦੀ। ਅਕਾਲੀ ਆਗੂ ਨੇ ਕਿਹਾ ਕਿ ਇਸ ਸਰਕਾਰ ਨੂੰ ਹੋਂਦ 'ਚ ਆਇਆਂ ਮਹਿਜ਼ ਡੇਢ ਵਰ੍ਹਾ ਹੋਇਆ ਹੈ ਤੇ ਇਸ ਥੋੜ੍ਹੇ ਸਮੇਂ ਦੌਰਾਨ ਹੀ ਬਦਲਾਅ ਵਾਲੀ ਸਰਕਾਰ ਦੇ ਮੰਤਰੀ, ਵਿਧਾਇਕ ਭ੍ਰਿਸ਼ਟ ਅਤੇ ਅਨੈਤਿਕ ਗਤੀਵਿਧੀਆਂ ਵਿੱਚ ਲਗਾਤਾਰ ਘਿਰਦੇ ਆ ਰਹੇ ਹਨ।

### 'ਸਿਰਸਾ 'ਤੇ ਲੱਗੇ ਦੋਸ਼ਾਂ ਦੀ ਜਾਂਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਹੋਵੇ'

ਬਿਕਰਮ ਸਿੰਘ ਮਜੀਠੀਆ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵੱਲੋਂ ਗੁਰਦੁਆਰਾ ਫੰਡਾਂ ਦੀ ਦੁਰਵਰਤੋਂ ਕਰਨ ਤੇ ਮਨੀ ਲਾਂਡਰਿੰਗ ਦੇ ਦੋਸ਼ਾਂ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਮੰਗੀ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਗੁਰੂ ਦੀ ਗੋਲਕ ਦੀ ਦੁਰਵਰਤੋਂ ਦੇ ਅਜਿਹੇ ਦੋਸ਼ ਸਾਹਮਣੇ ਆਏ ਹਨ ਤੇ ਮਾਮਲੇ ਦੀ ਨਿਰਪੱਖਤਾ ਨਾਲ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿਰਸਾ ਕਿਉਂਕਿ ਭਾਜਪਾ ਦੇ ਕੌਮੀ ਸਕੱਤਰ ਹਨ ਤੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦੋਵਾਂ ਦੇ ਨਜ਼ਦੀਕੀ ਹਨ, ਇਸ ਲਈ ਕੇਂਦਰੀ ਏਜੰਸੀਆਂ ਕੇਸ ਦੀ ਨਿਰਪੱਖਤਾ ਨਾਲ ਜਾਂਚ ਨਹੀਂ ਕਰ ਸਕਣਗੀਆਂ। ਉਨ੍ਹਾਂ ਕਿਹਾ ਕਿ ਕੋਈ ਵੀ ਸਿੱਖ ਕਿਸੇ ਵੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮਨੀ ਲਾਂਡਰਿੰਗ ਵਿੱਚ ਸ਼ਾਮਲ ਹੋਣ ਦੀ ਆਸ ਨਹੀਂ ਕਰ ਸਕਦਾ ਤੇ ਕੇਸ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖ਼ਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਪੈਨਸ਼ਨ ਯੋਜਨਾ ਛੱਡਣ ਦੇ ਪ੍ਰਸਤਾਵ ਨਾਲ ਸੂਬੇ ਦੀਆਂ ਸ਼ਿਕਾਇਤਾਂ ਬਾਰੇ ਕੌਮੀ ਬਹਿਸ ਛਿੜੀ-ਸਮਿਥ

ਐਡਮਿੰਟਨ-ਪ੍ਰੀਮੀਅਰ ਡੇਨੀਅਲ ਸਮਿਥ ਨੇ ਕਿਹਾ ਕਿ ਜੇਕਰ ਕੁਝ ਹੋਰ ਨਹੀਂ ਤਾਂ ਅਲਬਰਟਾ ਵਲੋਂ ਕੈਨੇਡਾ ਪੈਨਸ਼ਨ ਯੋਜਨਾ ਨੂੰ ਛੱਡਣ ਦੀ ਉਨ੍ਹਾਂ ਦੀ ਸਰਕਾਰ ਦੀ ਤਜਵੀਜ਼ ਨਾਲ ਸੂਬੇ ਦੀਆਂ ਸ਼ਿਕਾਇਤਾਂ ਬਾਰੇ ਕੌਮੀ ਗੱਲਬਾਤ ਸ਼ੁਰੂ ਹੋਈ ਹੈ। ਸਮਿਥ ਨੇ ਮੇਜ਼ਬਾਨ ਸ਼ਏ ਗਨਮ ਨੂੰ ਉਨ੍ਹਾਂ ਦੇ ਕੋਰਸ ਟਾਕ-ਰੇਡੀਓ ਸ਼ੋਅ 'ਤੇ ਦੱਸਿਆ ਕਿ ਸੀਪੀਪੀ ਨੂੰ ਛੱਡਣਾ ਓਟਵਾ ਨਾਲ ਬਰਾਬਰੀ ਜਾਂ ਉਨ੍ਹਾਂ ਦੀ ਸਰਕਾਰ ਨਾਲ ਫੈਡਰਲ ਨਿਯਮਾਂ ਜਿਨ੍ਹਾਂ ਨੂੰ ਲੈ ਕੇ ਉਨ੍ਹਾਂ ਦੀ ਸਰਕਾਰ ਦਾ ਵਿਸ਼ਵਾਸ਼ ਹੈ ਕਿ ਇਹ ਊਰਜਾ ਦੇ ਵਿਕਾਸ ਨੂੰ ਘਟਾ ਰਹੇ ਹਨ ਲਈ ਕੋਈ ਬਿਹਤਰ ਸੌਦੇਬਾਜ਼ੀ ਦਾ ਫਾਰਮੂਲਾ ਨਹੀਂ। ਉਸ ਨੇ ਦੋਵਾਂ ਮੁੱਦਿਆਂ ਨੂੰ ਵੱਖ ਵੱਖ ਰੱਖਿਆ ਹੈ। ਉਹ ਕਹਿਣਾ ਚਾਹੇਗੀ ਕਿ ਹੁਣ



ਸਾਰਾ ਦੇਸ਼ ਸਾਡੀਆਂ ਸ਼ਿਕਾਇਤਾਂ ਬਾਰੇ ਗੱਲਬਾਤ ਕਰ ਰਿਹਾ ਹੈ। ਸਾਨੂੰ ਲੰਬਾ ਸਮਾਂ ਨਜ਼ਰਅੰਦਾਜ਼ ਕੀਤਾ ਜਾਂਦਾ ਰਿਹਾ ਹੈ। ਮੇਰਾ ਸੋਚਣਾ ਕਿ ਅਲਬਰਟਾ ਵਾਸੀ ਕਨਫੈਡਰੇਸ਼ਨ ਦੇ ਉਸਾਰੂ ਮੈਂਬਰ ਹਨ ਫਿਰ ਵੀ ਸਾਡੀ ਸੰਘੀ ਸਰਕਾਰ ਸਾਡਾ ਕਈ ਤਰੀਕਿਆਂ ਨਾਲ ਲਗਾਤਾਰ ਨੁਕਸਾਨ ਕਰ ਰਹੀ ਹੈ ਅਤੇ ਹੁਣ ਸਾਡੀ ਊਰਜਾ ਸਨਅਤ ਨੂੰ ਸਰਗਰਮੀ ਨਾਲ ਨਸ਼ਟ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਵਿਸ਼ਲੇਸ਼ਕ ਲਾਈਫਵਰਕਸ ਦੀ 21 ਸਤੰਬਰ ਨੂੰ ਰਿਪੋਰਟ ਜਾਰੀ ਕਰਕੇ ਸੀਪੀਪੀ-ਐਗਜ਼ਿਟ ਬਹਿਸ ਸ਼ੁਰੂ ਕੀਤੀ ਗਈ ਸੀ। ਰਿਪੋਰਟ ਵਿਚ ਇਹ ਹਿਸਾਬ ਕਿਤਾਬ ਲਗਾਇਆ ਗਿਆ ਸੀ ਕਿ ਜੇਕਰ ਅਲਬਰਟਾ ਇਕੱਲੇ ਪ੍ਰੋਗਰਾਮ ਨੂੰ ਸਥਾਪਤ ਕਰਨਾ ਲਈ ਕੈਨੇਡਾ ਪੈਨਸ਼ਨ ਯੋਜਨਾ ਨੂੰ ਛੱਡਦਾ ਹੈ ਤਾਂ ਸੂਬਾ ਕੈਨੇਡਾ ਪੈਨਸ਼ਨ ਯੋਜਨਾ ਦੇ 53 ਫ਼ੀਸਦੀ ਭਾਵ 334 ਅਰਬ ਡਾਲਰ ਪੈਸਿਆਂ ਦਾ ਹੱਕਦਾਰ ਹੈ।

# ਤਾਮਾਰਾ ਹੈਂਡਸਬੀ ਐਨਵਿਜ਼ਨ ਫਾਈਨੈਂਸ਼ਲ ਦੀ ਪ੍ਰਧਾਨ ਨਿਯੁਕਤ

ਸਰੀ-ਲੰਬੇ ਸਮੇਂ ਤੋਂ ਫ੍ਰੇਜ਼ਰ ਵੈਲੀ ਵਿਚ ਰਹਿ ਰਹੀ ਤਾਮਾਰਾ ਹੈਂਡਸਬੀ ਨੂੰ ਐਨਵਿਜ਼ਨ ਫਾਈਨੈਂਸ਼ਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਕਲਟਸ ਲੇਕ ਦੀ ਤਾਮਾਰਾ ਹੈਂਡਸਬੀ ਨੇ ਆਪਣੇ 35 ਸਾਲ ਦੇ ਬੈਂਕਿੰਗ ਕੈਰੀਅਰ ਦਾ ਪਿਛਲਾ ਦਹਾਕਾ ਐਨਵਿਜ਼ਨ ਫਾਈਨੈਂਸ਼ਲ ਨਾਲ ਵੱਖ ਵੱਖ ਸੀਨੀਅਰ ਲੀਡਰਸ਼ਿਪ ਭੂਮਿਕਾਵਾਂ ਨਾਲ ਬਿਤਾਇਆ ਹੈ ਅਤੇ ਹਾਲ ਹੀ ਵਿਚ ਉਹ ਫਸਟ ਵੈਸਟ ਕਰੈਡਿਟ ਯੂਨੀਅਨ ਦੇ ਆਪਰੇਸ਼ਨਾਂ ਦੀ ਉਪ ਪ੍ਰਧਾਨ ਅਤੇ ਸਲਾਹਕਾਰ ਰਹੀ ਹੈ।



ਫਸਟ ਵੈਸਟ ਦੀ ਚੀਫ ਮੈਂਬਰ ਅਫਸਰ ਸੂਸਨ ਐਵਨਿਕ ਨੇ ਕਿਹਾ ਕਿ ਤਾਮਾਰਾ ਦਾ ਸਾਡੇ ਮੈਂਬਰਾਂ ਵਿਚ ਕਦਰਾਂ ਕੀਮਤਾਂ ਪੈਦਾ ਕਰਨ ਅਤੇ ਹਾਂਪੱਖੀ ਅਨੁਭਵ ਬਣਾਉਣ 'ਤੇ ਪੂਰਾ ਧਿਆਨ ਦੇਣ ਦੇ ਨਾਲ ਉੱਚ ਪ੍ਰਦਰਸ਼ਨ ਕਰਨ ਵਾਲੀਆਂ ਟੀਮਾਂ ਦੀ ਅਗਵਾਈ ਕਰਨ ਦਾ ਲੰਬਾ ਇਤਿਹਾਸ ਰਿਹਾ ਹੈ। ਪ੍ਰਧਾਨ ਵਜੋਂ ਹੈਂਡਸਬੀ ਐਨਵਿਜ਼ਨ ਫਾਈਨੈਂਸ਼ਲ ਦੇ ਨਿੱਜੀ, ਬਿਜਨਸ ਅਤੇ ਵਪਾਰਕ ਬੈਂਕਿੰਗ ਟੀਮਾਂ ਦੀ ਅਗਵਾਈ ਕਰਨ 'ਤੇ ਧਿਆਨ ਕੇਂਦਰਿਤ ਕਰੇਗੀ। ਐਨਵਿਜ਼ਨ ਫਾਈਨੈਂਸ਼ਲ ਫਸਟ ਵੈਸਟ ਕ੍ਰੈਡਿਟ ਯੂਨੀਅਨ ਬੀਸੀ ਦੀ ਸਭ ਤੋਂ ਵੱਡੀ ਕ੍ਰੈਡਿਟ ਯੂਨੀਅਨ ਦੀ ਇਕ ਡਵੀਜ਼ਨ ਹੈ ਅਤੇ ਇਸ ਦੀਆਂ ਪੂਰੇ ਸੂਬੇ ਵਿਚ 46 ਸ਼ਾਖਾਵਾਂ ਹਨ। ਮੁੱਖ ਦਫ਼ਤਰ ਲੈਂਗਲੀ ਵਿਚ ਸਥਿਤ ਹੈ।




# ਮੋਟਰਸਾਈਕਲ ਦੀ ਸਕੂਲ ਬੱਸ ਨਾਲ ਟੱਕਰ-ਦੋ ਗੰਭੀਰ ਜ਼ਖ਼ਮੀ

ਸਰੀ-ਆਰਸੀਐਮਪੀ ਨੇ ਦੱਸਿਆ ਕਿ ਪਿਛਲੇ ਦਿਨੀ ਸਕੂਲ ਬੱਸ ਨਾਲ ਇਕ ਮੋਟਰਸਾਈਕਲ ਦੇ ਟਕਰਾਉਣ ਨਾਲ ਮੋਟਰਸਾਈਕਲ 'ਤੇ ਸਵਾਰ ਦੋ ਵਿਅਕਤੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਇਹ ਹਾਦਸਾ ਸਵੇਰੇ 7.15 ਵਜੇ ਦੇ ਕਰੀਬ 66 ਐਵੀਨਿਊ ਦੇ 12800 ਬਲਾਕ ਵਿਚ ਵਾਪਰਿਆ। ਦੁਰਘਟਨਾ ਸਮੇਂ ਸਕੂਲ ਬੱਸ ਵਿਚ ਕੋਈ ਯਾਤਰੀ ਸਵਾਰ ਨਹੀਂ ਸੀ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਸਰੀ ਆਰਸੀਐਮਪੀ ਨੂੰ ਇਸ ਗੱਲ ਦੀ ਪੱਕੀ ਜਾਣਕਾਰੀ ਨਹੀਂ ਕਿ ਸਕੂਲ



ਬੱਸ ਦੇ ਡਰਾਈਵਰ ਨੂੰ ਕੋਈ ਸੱਟ ਫੇਟ ਲੱਗੀ ਹੈ ਜਾਂ ਨਹੀਂ। ਲੋਅਰ ਮੇਨਲੈਂਡ ਵਿਚਉਸ ਦਿਨ ਸਕੂਲ ਬੱਸ ਦਾ ਇਹ ਦੂਸਰਾ ਹਾਦਸਾ ਸੀ। ਉਸੇ ਦਿਨ ਬਰਨਬੀ ਦੀ ਸਕੂਲ ਬੱਸ ਇਕ ਹੋਰ ਮੋਟਰ ਗੱਡੀ ਨਾਲ ਟਕਰਾਉਣ ਪਿੱਛੋਂ ਇਕ ਘਰ ਨਾਲ ਟਕਰਾ ਗਈ ਜਿਸ ਕਾਰਨ 11 ਵਿਅਕਤੀ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਹਸਪਤਾਲ ਭੇਜਿਆ ਗਿਆ। ਬਰਨਬੀ ਆਰਸੀਐਮਪੀ ਕਾਰਪੋਰਲ ਮਾਈਕਲ ਕਲੰਜ ਨੇ ਦੱਸਿਆ ਕਿ ਕੈਨੇਡਾ ਵੇਅ ਐਂਡ 16ਵੀਂ ਐਵੀਨਿਊ ਦੇ ਇਲਾਕੇ ਵਿਚ ਸਵੇਰੇ 8 ਵਜੇ ਤੋਂ ਪਹਿਲਾਂ ਮੋਟਰ ਗੱਡੀਆਂ ਦੇ ਦੋ ਹਾਦਸੇ ਹੋਏ ਸਨ।





## ਰੈਸਟੋਰੈਂਟ ਵਿਚ ਟਰੂਡੋ ਦਾ ਘਿਰਾਉ ਕਰਨ ਪਿੱਛੋਂ 100 ਅਫਸਰ ਤਾਇਨਾਤ

ਵੈਨਕੂਵਰ-ਵੀਰਵਾਰ ਦੀ ਰਾਤ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਵੈਨਕੂਵਰ ਦੇ ਇਕ ਰੈਸਟੋਰੈਂਟ ਵਿਚ ਇਜ਼ਰਾਈਲ-ਹਮਾਸ ਜੰਗਬੰਦੀ ਦੀ ਮੰਗ ਕਰਨ ਵਾਲੇ ਮੁਜ਼ਾਹਰਾਕਾਰੀਆਂ ਵਲੋਂ ਘਿਰਾਉ ਕਰਨ ਪਿੱਛੋਂ 100 ਪੁਲਿਸ ਅਫਸਰ ਤਾਇਨਾਤ ਕੀਤੇ ਗਏ ਅਤੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਵੈਨਕੂਵਰ ਪੁਲਿਸ ਵਿਭਾਗ ਦੇ ਬੁਲਾਰੇ ਨੇ ਇਕ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਮੁਜ਼ਾਹਰਾਕਾਰੀਆਂ ਦੀਆਂ ਕਾਰਵਾਈਆਂ ਅਤੇ ਚਾਈਨਾਟਾਊਨ ਈਟਰੀ ਵਿਚੋਂ ਟਰੂਡੋ ਦੇ ਬਾਹਰ ਜਾਣ ਦੀ ਸਹੂਲਤ ਦੀ ਲੋੜ ਨੂੰ ਦੇਖਦੇ ਹੋਏ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ। ਸਾਡਾ ਮੰਨਣਾ ਕਿ ਮੁਜ਼ਾਹਰਾਕਾਰੀਆਂ ਨੇ ਲੇਨ ਦਾ ਹਿਸਾ ਰੋਕਣ ਲਈ ਬੈਰੀਕੇਡਾਂ ਨੂੰ ਹਿਲਾਉਣ ਵਰਗੀਆਂ ਕੁਝ ਖ਼ਾਸ ਕਾਰਵਾਈਆਂ ਜਿਸ ਨਾਲ ਮੋਟਰ ਗੱਡੀਆਂ ਤਕ ਪਹੁੰਚ ਵਿਚ ਰੁਕਾਵਟ ਪੈਦਾ ਹੋ ਸਕਦੀ ਸੀ ਕੀਤੀਆਂ ਜਿਸ ਨਾਲ ਚਿੰਤਾ ਪੈਦਾ ਹੋਈ। ਸਾਰਜੈਂਟ ਸਟੀਵ ਐਡੀਸਨ ਨੇ ਕਿਹਾ ਕਿ ਮੁਜ਼ਾਹਰਾਕਾਰੀਆਂ ਨੇ ਇਕ ਦੂਸਰੇ ਦਾ ਹੱਥ ਫੜ ਕੇ ਲਾਈਨ ਬਣਾਉਣ ਜਾਂ ਬੈਰੀਕੇਡ ਬਣਾਉਣ ਵਰਗੇ ਕਦਮ ਵੀ ਚੁੱਕੇ। ਪੁਲਿਸ ਨੂੰ ਸਮੇਂ ਤੋਂ ਪਹਿਲਾਂ ਮੁਜ਼ਾਹਰੇ ਬਾਰੇ ਜਾਣਕਾਰੀ ਨਹੀਂ ਸੀ। ਅਸੀਂ ਵਿਵਸਥਾ ਨੂੰ ਕਾਇਮ ਰੱਖਣ ਤੇ ਭੀੜ ਨੂੰ ਖਿੰਡਾਉਣ ਲਈ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿਚ ਲਗਪਗ 100 ਅਫਸਰਾਂ ਨੂੰ ਤੁਰੰਤ ਤਾਇਨਾਤ ਕੀਤਾ।

# ਬੀਸੀ ਦੇ ਵਿਅਕਤੀ ਨੂੰ ਜੰਗਲ ਦੀ ਅੱਗ ਲਈ 4,50,000 ਡਾਲਰ ਦਾ ਜ਼ੁਰਮਾਨਾ

ਵਿਕਟੋਰੀਆ-ਬੀਸੀ ਫੌਰੈਸਟ ਅਪੀਲ ਕਮਿਸ਼ਨ ਨੇ ਕਿਹਾ ਕਿ ਇਕ ਵਿਅਕਤੀ ਜਿਸ ਨੇ ਮਲਬੇ ਦੇ ਵੱਡੇ ਢੇਰ ਨੂੰ ਅੱਗ ਲਗਾਈ ਅਤੇ ਸਿੱਟੇ ਵਜੋਂ ਜੰਗਲ ਨੂੰ ਅੱਗ ਲੱਗ ਗਈ ਨੂੰ ਹੁਕਮ ਦਿੱਤਾ ਕਿ ਉਹ ਅੱਗ ਬੁਝਾਉਣ ਲਈ ਆਏ ਖਰਚ ਅਤੇ ਲੱਕੜੀ ਵਸੀਲਿਆਂ ਦੇ ਨੁਕਸਾਨ ਲਈ ਸੂਬਾ ਸਰਕਾਰ ਨੂੰ ਲਗਪਗ 4,50,000 ਡਾਲਰ ਅਦਾ ਕਰੇ। ਪਿਛਲੇ ਹਫ਼ਤੇ ਜਾਰੀ ਕੀਤੇ ਗਏ ਅਪੀਲ ਦੇ ਫ਼ੈਸਲੇ ਵਿਚ ਕਮਿਸ਼ਨ ਨੇ ਪਾਇਆ ਕਿ ਕਲਾਰਕ ਮੈਥੀਸਨ ਨੇ ਜੰਗਲ ਦੀ ਅੱਗ ਲਈ ਕਿਸੇ ਹੋਰ ਵਿਅਕਤੀ 'ਤੇ ਦੋਸ਼ ਲਗਾਉਣ ਦੀ ਕੋਸ਼ਿਸ਼ ਕੀਤੀ ਜਿਹੜੀ ਕੁਏਸਨੇਲ ਦੇ ਪੱਛਮ ਵਿਚ ਉਸ ਦੀ ਆਪਣੀ ਪ੍ਰਾਪਰਟੀ ਤੋਂ ਸ਼ੁਰੂ ਹੋਈ ਸੀ। ਫ਼ੈਸਲੇ ਵਿਚ ਕਿਹਾ ਕਿ ਮੈਥਸੀਨ ਨੇ ਇਹ ਸੋਚ ਕੇ ਫਰਵਰੀ 2019 ਵਿਚ ਆਪਣੇ ਭਰਾ ਦੇ ਨਾਲ ਆਪਣੀ ਹੀ ਜਾਇਦਾਦ ਵਿਚ ਮਲਬੇ ਦੇ ਢੇਰ ਨੂੰ ਅੱਗ ਲਗਾ ਦਿੱਤੀ ਕਿ ਢੇਰ ਦੇ ਦੁਆਲੇ ਪਈ ਬਰਫ ਅੱਗ ਨੂੰ ਬੁਝਾਉਣ ਦਾ ਕੰਮ



ਕਰੇਗੀ। ਦੋ ਮਹੀਨੇ ਤੋਂ ਵੀ ਜ਼ਿਆਦਾ ਸਮੇਂ ਪਿੱਛੋਂ ਮੈਥਸੀਨ ਤੇ ਉਸ ਦਾ ਭਰਾ ਮਲਬੇ ਦੇ ਢੇਰ ਨੇੜੇ ਘਾਹ ਨੂੰ ਲੱਗੀ ਅੱਗ ਕੋਲ ਪੁੱਜੇ ਜਿਸ ਨੂੰ ਉਨ੍ਹਾਂ ਨੇ ਵੇਲਚਿਆਂ ਨਾਲ ਬੁਝਾਉਣ ਦੀ ਕੋਸ਼ਿਸ ਕੀਤੀ ਪਰ ਕਾਮਯਾਬ ਨਾ ਹੋ ਸਕੇ। ਫਿਰ ਮੈਥਸੀਨ ਕਾਰ ਲੈ ਕੇ ਅੱਗ ਬਾਰੇ ਜਾਣਕਾਰੀ ਦੇਣ ਲਈ ਗੁਆਂਢੀ ਦੀ ਪ੍ਰਾਪਰਟੀ ਵਿਚ ਗਿਆ ਅਤੇ ਬੀਸੀ ਵਾਈਲਡਫਾਇਰ ਸਰਵਿਸ ਨੇ ਉਸੇ ਸ਼ਾਮ ਕਾਰਵਾਈ ਕੀਤੀ। ਕਮਿਸ਼ਨ ਨੇ ਮੈਥਸੀਨ ਦੇ ਇਨ੍ਹਾਂ ਦਾਅਵਿਆਂ ਨੂੰ ਰੱਦ ਕਰ ਦਿੱਤਾ ਕਿ ਉਸ ਦੇ ਗੁਆਂਢੀ ਦੇ ਪੋਤੇ ਨੇ ਅੱਗ ਲਗਾਈ ਹੋ ਸਕਦੀ ਹੈ ਅਤੇ ਪਾਇਆ ਕਿ ਇਹ ਅੱਗ ਮਲਬੇ ਦੇ ਢੇਰ ਤੋਂ ਫੈਲੀ ਜਿਹੜਾ 14 ਗੁਣਾ 16 ਮੀਟਰ ਵੱਡਾ ਸੀ। ਕਮਿਸ਼ਨ ਨੇ ਪਾਇਆ ਕਿ ਉਸ ਨੇ ਇਹ ਯਕੀਨੀ ਬਣਾਉਣ ਕਿ ਅੱਗ ਬੁਝ ਗਈ ਹੈ ਲਈ ਪਾਣੀ ਦੀ ਵਰਤੋਂ ਨਹੀਂ ਕੀਤੀ ਜਾਂ ਅੱਗ ਨੂੰ ਰੋਕਣ ਦਾ ਕੋਈ ਨਵਾਂ ਪ੍ਰਬੰਧ ਨਹੀਂ ਕੀਤਾ ਕਿਉਂਕਿ ਮਲਬੇ ਦੁਆਲੇ ਬਰਫ ਪਿਘਲ ਗਈ ਸੀ।

# ਸੈਕੰਡਰੀ ਸੂਟ ਨੂੰ ਇਜਾਜ਼ਤ ਦੇ ਰਿਹਾ ਹੈ ਸਰੀ ਸ਼ਹਿਰ

ਸਰੀ-ਵਿਵਾਦ ਦਾ ਸਰੋਤ ਸੈਕੰਡਰੀ ਸੂਟ ਦਾ ਮੁੱਦਾ ਜਿਸ ਨੇ ਕਈ ਸਾਲ ਨੇਬਰਜ਼ ਨੂੰ ਨੇਬਰਜ ਵਿਰੁੱਧ ਖੜਾ ਕੀਤਾ ਅਤੇ ਸਥਾਨਕ ਅਖਬਾਰਾਂ ਵਿਚ ਛਾਇਆ ਰਿਹਾ ਹੈ, ਹਾਲ ਹੀ ਵਿਚ ਨਾਊ-ਲੀਡਰ ਦੇ ਪ੍ਰਿੰਟ ਐਡੀਸ਼ਨ ਵਿਚ ਪ੍ਰਕਾਸ਼ਿਤ 13 ਸਿਟੀ ਆਫ ਸਰੀ ਇਸ਼ਤਿਹਾਰਾਂ ਦੇ ਰੂਪ ਵਿਚ ਤੂਫਾਨੀ ਅਨੁਪਾਤ ਨਾਲ ਹਕੀਕਤ ਬਣ ਰਿਹਾ ਹੈ। ਸ਼ਹਿਰ ਵਲੋਂ ਮਹੱਤਵਪੂਰਣ ਗਿਣਤੀ ਵਿਚ ਕੀਤੀ ਜਾ ਰਹੀ ਇਸ਼ਤਿਹਾਰਬਾਜ਼ੀ ਰਿਹਾਇਸ਼ੀ ਇਲਾਕੇ ਦੇ ਨਿਯਮ ਨੂੰ ਬਦਲਣ ਲਈ ਹੈ ਜਿਹੜਾ ਮੌਜੂਦਾ ਸਮੇਂ ਉਨ੍ਹਾਂ ਇਲਾਕਿਆਂ ਵਿਚ ਸੈਕੰਡਰੀ ਸੂਟ ਦੀ ਇਜਾਜ਼ਤ ਨਹੀਂ ਦਿੰਦਾ। ਕੌਂਸਲ ਲਿੰਡਾ ਐਨਿਸ ਨੇ ਦੱਸਿਆ ਕਿ ਇਸ ਨਾਲ ਸਰੀ ਦੇ ਸਾਰੇ ਇਲਾਕਿਆਂ ਵਿਚ ਸੈਕੰਡਰੀ ਸੂਟ ਦੀ ਇਜਾਜ਼ਤ ਹੋਵੇਗੀ। 9 ਨਵੰਬਰ ਨੂੰ ਪ੍ਰਕਾਸ਼ਿਤ ਇਸ਼ਤਿਹਾਰਾਂ ਦੇ ਮੁੱਖਬੰਦ ਵਿਚ ਪ੍ਰਸਾਤਵਤ ਸੈਕੰਡਰੀ ਸੂਟ ਦੀ ਇਜਾਜ਼ਤ ਨਾਲ ਕੰਪਰੀਹੈਂਸਿਵ ਡਿਵੈਲਪਮੈਂਟ ਜ਼ੋਨਸ ਵਿਚ ਪ੍ਰਸਤਾਵਤ ਸੋਧਾਂ ਨਾਲ ਪ੍ਰਭਾਵਤ ਹੋਣ ਵਾਲੀਆਂ ਸੈਂਕੜੇ ਪ੍ਰਾਪਰਟੀਜ਼ ਦੇ ਪਤੇ ਸ਼ਾਮਿਲ ਹਨ ਅਤੇ ਇਸ ਵਿਚ 2020 ਕਾਰਪੋਰੇਟ ਰਿਪੋਰਟ ਵਿਚ ਸ਼ਾਮਿਲ ਸਿਫਾਰਸ਼ਾਂ ਨੂੰ ਕੌਂਸਲ ਦੀ ਪ੍ਰਵਾਨਗੀ ਦਾ ਹਵਾਲਾ ਦਿੱਤਾ ਹੈ ਜਿਹੜੀ



ਕੰਪਰੀਹੈਂਸਿਵ ਡਿਵੈਲਪਮੈਂਟ ਜ਼ੋਨਸ (ਸੀਡੀ ਜ਼ੋਨਸ) ਵਿਚ ਇਕ ਸੈਕੰਡਰੀ ਸੂਟ ਸ਼ਾਮਿਲ ਕਰਨ ਦੀ ਹਮਾਇਤ ਕਰਦੀ ਹੈ। ਸੀਡੀ ਜ਼ੋਨਸ ਸਿੰਗਲ ਫੈਮਿਲੀ ਮਕਾਨਾਂ ਨੂੰ ਨਿਯਮਤ ਕਰਦਾ ਹੈ ਜਿਨ੍ਹਾਂ ਵਿਚ ਘੱਟੋ ਘੱਟ ਤਿੰਨ ਆਫ ਸਟਰੀਟ ਪਾਰਕਿੰਗ ਥਾਵਾਂ ਪ੍ਰਦਾਨ ਕਰਨ ਲਈ ਢੁਕਵਾਂ ਆਕਾਰ, ਚੌੜਾਈ ਤੇ ਲੰਬਾਈ ਹੁੰਦੀ ਹੈ। ਸਿਟੀ ਕਲਰਕ 4 ਦਸੰਬਰ ਦੁਪਹਿਰ ਤਕ ਮੇਲ, ਫੈਕਸ ਜਾਂ ਈਮੇਲ ਰਾਹੀਂ ਲਿਖਤੀ ਟਿੱਪਣੀਆਂ ਪ੍ਰਾਪਤ ਕਰੇਗਾ। ਇਸੇ ਦੌਰਾਨ ਐਨਿਸ ਨੇ ਕਿਹਾ ਕਿ ਸੂਬਾ ਸਰਕਾਰ ਦੀ ਨੇਕ ਇਰਾਦੇ ਵਾਲੀ ਯੋਜਨਾ ਸਿੰਗਲ ਪਲਾਟ ਵਿਚ 6 ਘਰ ਬਣਾਉਣ ਦੀ ਇਜਾਜ਼ਤ ਘਰਾਂ ਦੀ ਸਪਲਾਈ ਵਧਾਏਗੀ ਜਿਸ ਦੇ ਸਿੱਟੇ ਵਜੋਂ ਬੇਮਿਸਾਲ ਵਿਕਾਸ ਨਾਲ ਬੁਨਿਆਦੀ ਢਾਂਚੇ 'ਤੇ ਦਬਾਅ ਵਧੇਗਾ, ਭੀੜ-ਭੜੱਕੇ ਵਾਲੇ ਸਕੂਲਾਂ ਵਿਚ ਹੋਰ ਭੀੜ ਵਧੇਗੀ ਅਤੇ ਜ਼ਮੀਨ ਦੀਆਂ ਕੀਮਤਾਂ ਵਧਣਗੀਆਂ ਜੋ ਕਿਫਾਇਤੀ ਘਰ ਬਣਾਉਣ ਦੇ ਉਲਟ ਗੱਲ ਹੋਵੇਗੀ। ਉਨ੍ਹਾਂ ਕਿਹਾ ਕਿ ਸਰੀ ਵਿਚ ਕੋਈ ਇਕ ਵੀ ਨੇਬਰਹੁੱਡ ਮੌਜੂਦ ਨਹੀਂ ਜਿਹੜਾ ਸੀਵਰੇਜ ਅਤੇ ਪਾਣੀ ਵਰਗੇ ਬੁਨਿਆਦੀ ਢਾਂਚੇ ਵਿਚ ਵੱਡੇ ਸੁਧਾਰ ਤੋਂ ਬਿਨ੍ਹਾਂ ਇਕ ਪਲਾਟ ਵਿਚ ਚਾਰ ਜਾਂ ਛੇ ਘਰਾਂ ਦਾ ਸਾਹਮਣਾ ਕਰ ਸਕਦਾ ਹੈ। ਇਸ ਦੇ ਨਾਲ ਸਾਡੇ ਸਕੂਲਾਂ ਵਿਚ ਤਾਂ ਪਹਿਲਾਂ ਹੀ ਭੀੜ ਹੈ।

## ਫਾਰਮਾਕੇਅਰ ਕਾਨੂੰਨ ਬਣਾਉਣ ਲਈ ਤੇਜ਼ੀ ਨਾਲ ਲੰਘ ਰਿਹਾ ਹੈ ਸਮਾਂ

ਓਟਵਾ-ਲਿਬਰਲ ਦੇ ਐਨਡੀਪੀ ਨਾਲ ਹੋਏ ਸਮਝੌਤੇ ਮੁਤਾਬਿਕ ਮੁੱਖ ਫਾਰਮਾਕੇਅਰ ਕਾਨੂੰਨ ਬਣਾਉਣ ਤੇ ਪਾਸ ਕਰਵਾਉਣ ਲਈ ਫੈਡਰਲ ਸਰਕਾਰ ਦਾ ਸਮਾਂ ਲੰਘ ਰਿਹਾ ਹੈ। ਮਾਰਚ 2022 ਵਿਚ ਸਰਕਾਰ ਨੂੰ 2025 ਤਕ ਸੱਤਾ ਵਿਚ ਰੱਖਣ ਲਈ ਲਿਬਰਲਜ਼ ਤੇ ਫੈਡਰਲ ਨਿਊ ਡੈਮੋਕਰੈਟ ਵਿਚਕਾਰ ਸਪਲਾਈ ਐਂਡ ਕਾਨਫੀਡੈਂਸ ਸਮਝੌਤੇ 'ਤੇ ਦਸਤਖ਼ਤ ਕੀਤੇ ਗਏ ਸਨ। ਇਸ ਸਮਝੌਤੇ ਵਿਚ ਕਾਨਫੀਡੈਂਸ ਮਾਮਲਿਆਂ 'ਤੇ ਐਨਡੀਪੀ ਦੇ ਸਮਰਥਨ ਬਦਲੇ ਸਰਕਾਰ ਵਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਸਬੰਧੀ ਤਰਜੀਹਾਂ ਦੀ ਇਕ ਸੂਚੀ ਹੈ। ਉਸ ਦਸਤਾਵੇਜ ਵਿਚ ਦੂਸਰੀ ਤਰਜੀਹ 2023 ਦੇ ਅਖੀਰ ਤਕ ਕੈਨੇਡਾ ਫਾਰਮਾਕੇਅਰ ਐਕਟ ਪਾਸ ਕਰਨਾ ਹੈ। ਹਾਊਸ ਆਫ ਕਾਮਨਜ਼ ਦੀ 15 ਦਸੰਬਰ ਨੂੰ ਜਦਕਿ ਸੈਨੇਟ ਦੀ ਇਸ ਤੋਂ ਇਕ ਹਫ਼ਤੇ ਬਾਅਦ ਬੈਠਕ ਖਤਮ ਹੋਣ ਵਾਲੀ ਹੈ। ਸਿਹਤ ਮੰਤਰੀ ਮਾਰਕ ਹੌਲੈਂਡ ਨੇ ਥੋੜੇ ਸਮੇਂ ਰਹਿ ਜਾਣ ਦੀ ਗੱਲ ਨੂੰ ਸਵੀਕਾਰ ਕੀਤਾ ਪਰ ਕਿਹਾ ਕਿ ਉਨ੍ਹਾਂ ਨੂੰ ਵਿਸ਼ਵਾਸ਼ ਹੈ ਕਿ ਕੁਝ ਹਾਂਪੱਖੀ ਗੱਲਬਾਤ ਤੋਂ ਪਿੱਛੋਂ ਇਹ ਕਰਨਾ ਸੰਭਵ ਹੈ। ਉਨ੍ਹਾਂ ਦਾ ਪੂਰਾ ਵਿਸ਼ਵਾਸ਼ ਹੈ ਕਿ ਬਿੱਲ ਪੇਸ਼ ਕਰਨਾ ਸੰਭਵ ਹੈ। ਵਿਨੀਪੈਗ ਤੋਂ ਇਕ ਮੁਲਾਕਾਤ ਵਿਚ ਉਨ੍ਹਾਂ ਕਿਹਾ ਕਿ ਕੀ ਅਸੀਂ ਸਾਰੇ ਪੜਾਵਾਂ ਵਿਚੋਂ ਲੰਘ ਸਕਦੇ ਹਾਂ ਜਾਂ ਨਹੀਂ ਇਹ ਇਕ ਵੱਖਰਾ ਸਵਾਲ ਹੈ। ਉਧਰ ਐਨਡੀਪੀ ਆਗੂ ਜਗਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਸਪਸ਼ਟ ਕੀਤਾ ਹੈ ਕਿ ਉਹ ਸਾਰੇ ਕੈਨੇਡੀਅਨਾਂ ਲਈ ਫਾਰਮਾਕੇਅਰ ਚਾਹੁੰਦੇ ਹਨ ਪਰ ਉਹ ਇਸ ਬਾਰੇ ਕੁਝ ਨਹੀਂ ਕਹਿਣਗੇ ਕਿ ਜੇਕਰ ਸਾਲ ਦੇ ਅਖੀਰ ਤਕ ਬਿੱਲ ਨੂੰ ਪੇਸ਼ ਨਾ ਕੀਤਾ ਗਿਆ ਤਾਂ ਨਿਊ ਡੈਮੋਕਰੈਟਸ ਲਿਬਰਲਜ਼ ਨਾਲ ਕੀਤੇ ਆਪਣੇ ਸਮਝੌਤੇ ਚੋਂ ਬਾਹਰ ਆ ਜਾਣਗੇ ਜਾਂ ਨਹੀਂ।






# ਅੱਧੇ ਕੈਨੇਡੀਅਨ ਅਗਲੀ ਚੋਣ ਤੋਂ ਪਹਿਲਾਂ ਟਰੂਡੋ ਨੂੰ ਅਹੁਦੇ ਤੋਂ ਫਾਰਗ ਦੇਖਣਾ ਚਾਹੁੰਦੇ-ਸਰਵੇਖਣ 'ਚ ਖੁਲਾਸਾ

ਓਟਵਾ-ਤਿੰਨ ਕੈਨੇਡੀਅਨਾਂ ਵਿਚੋਂ ਲਗਪਗ ਦੋ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਬਾਰੇ ਨਾਂਹਪੱਖੀ ਪ੍ਰਭਾਵ ਰੱਖਦੇ ਹਨ ਅਤੇ ਅੱਧੇ ਚਾਹੁੰਦੇ ਹਨ ਕਿ ਉਹ ਅਗਲੀਆਂ ਚੋਣਾਂ ਤੋਂ ਪਹਿਲਾਂ ਅਸਤੀਫਾ ਦੇ ਦੇਣ। ਅਫੋਰਡਅਬਿਲਟੀ, ਹਾਊਸਿੰਗ ਅਤੇ ਸਰਕਾਰੀ ਕਰਜ਼ੇ ਕਾਰਨ ਲੋਕ ਚਾਹੁੰਦੇ ਹਨ ਕਿ ਟਰੂਡੋ ਅਹੁਦੇ ਤੋਂ ਹਟ ਜਾਣ ਜਦਕਿ ਸਰਵੇਖਣ ਵਿਚ ਪੰਜ ਵਿਚੋਂ ਇਕ ਵਿਅਕਤੀ ਦਾ ਕਹਿਣਾ ਕਿ ਉਹ ਚਾਹੁੰਦੇ ਹਨ ਕਿ ਉਹ ਅਸਤੀਫਾ ਦੇ ਦੇਣ ਕਿਉਂਕਿ ਉਹ ਉਸ ਤੋਂ ਥੱਕ ਚੁੱਕੇ ਹਨ। ਕੈਨੇਡੀਅਨ ਪ੍ਰੈਸ ਲਈ ਲੇਜਰ ਪੋਲ ਵਿਚ ਹਾਊਸਿੰਗ ਅਫੋਰਡਅਬਿਲਟੀ ਅਤੇ ਮਹਿੰਗਾਈ ਤੋਂ ਸਿਹਤ ਸੰਭਾਲ, ਸਰਕਾਰੀ ਖਰਚੇ ਅਤੇ ਪੌਣਪਾਣੀ ਤਬਦੀਲੀ ਤਕ ਹਰੇਕ ਚੀਜ਼ ਨੂੰ ਲੈ ਕੇ ਲਿਬਰਲ ਸਰਕਾਰ ਪ੍ਰਤੀ ਵਿਆਪਕ ਅਸੰਤੁਸ਼ਟੀ



ਦੇਖਣ ਨੂੰ ਮਿਲੀ ਹੈ। ਇਹ ਸਰਵੇਖਣ ਪਿਛਲੇ ਵੀਕਐਂਡ ਦੇ ਤਿੰਨ ਦਿਨ੍ਹਾਂ ਵਿਚ ਆਨਲਾਈਨ ਕੀਤਾ ਗਿਆ ਜਿਸ ਵਿਚ 1612 ਵਿਅਕਤੀਆਂ ਨੂੰ ਸ਼ਾਮਿਲ ਕੀਤਾ ਗਿਆ ਸੀ। ਇਹ ਸਰਵੇਖਣ ਟਰੂਡੋ ਅਤੇ ਲਿਬਰਲਜ਼ ਜਿਨ੍ਹਾਂ ਦੀ ਆਪਣੀ 2015 ਦੀ ਜਿੱਤ ਦੀ 8ਵੀਂ ਵਰ੍ਹੇਗੰਢ ਲੰਘੀ ਹੈ ਦੇ ਪ੍ਰਤੀਕੂਲ ਚੋਣ ਸਰਵੇਖਣ ਦੇ ਕੁਝ ਮਹੀਨੇ ਬਾਅਦ ਕੀਤਾ ਗਿਆ ਹੈ। ਕੌਮੀ ਪੱਧਰ 'ਤੇ 30 ਫ਼ੀਸਦੀ ਲੋਕਾਂ ਦਾ ਕਹਿਣਾ ਕਿ ਉਹ ਟਰੂਡੋ ਸਰਕਾਰ ਤੋਂ ਸੰਤੁਸ਼ਟ ਹਨ ਜਦਕਿ 63 ਫ਼ੀਸਦੀ ਦਾ ਕਹਿਣਾ ਕਿ ਉਹ ਸੰਤੁਸ਼ਟ ਨਹੀਂ। ਬਿਹਤਰ ਪ੍ਰਧਾਨ ਮੰਤਰੀ ਕਿਹੜਾ ਹੋਵੇਗਾ ਉਸ ਸਰਵੇਖਣ ਵਿਚ ਟਰੂਡੋ ਕੰਸਰਵੇਟਿਵ ਨੇਤਾ ਪੀਅਰ ਪੋਲੀਵਰ ਨਾਲੋਂ ਪਿੱਛੇ ਚਲ ਰਹੇ ਹਨ। ਪੋਲੀਵਰ ਨੂੰ 27 ਫ਼ੀਸਦੀ ਜਦਕਿ ਟਰੂਡੋ ਨੂੰ 17 ਫ਼ੀਸਦੀ ਲੋਕਾਂ ਦੀ ਹਮਾਇਤ ਮਿਲੀ।

# ਰਾਇਲ ਕੈਨੇਡੀਅਨ ਟਕਸਾਲ ਨੇ ਕਿੰਗ ਚਾਰਲਸ ਲੂਨੀ ਲਈ ਡਿਜ਼ਾਈਨ ਦਾ ਕੀਤਾ ਖੁਲਾਸਾ



ਓਟਵਾ-ਰਾਇਲ ਕੈਨੇਡੀਅਨ ਮਿੰਟ ਨੇ ਕਿੰਗ ਚਾਰਲਸ ਦੀ ਤਸਵੀਰ ਦਾ ਖੁਲਾਸਾ ਕੀਤਾ ਹੈ ਜਿਹੜੀ ਛੇਤੀ ਹੀ ਨਵੇਂ ਸਿੱਕਿਆਂ 'ਤੇ ਦੇਖਣ ਨੂੰ ਮਿਲੇਗੀ। ਕਿੰਗ ਦੇ ਚਿਹਰੇ ਦੇ ਖੱਬੇ ਪਾਸੇ ਪ੍ਰੋਫਾਈਲ ਹੈ ਅਤੇ ਤਸਵੀਰ ਵਿਚ ਉਸ ਨੇ ਸ਼ਰਟ ਤੇ ਟਾਈ ਪਹਿਨੀ ਹੋਈ ਹੈ ਪਰ ਤਾਜ ਨਹੀਂ। ਡਿਜ਼ਾਈਨ ਦਾ ਐਲਾਨ ਉਨ੍ਹਾਂ ਦੇ 75ਵੇਂ ਜਨਮ ਦਿਨ 'ਤੇ ਕੀਤਾ ਗਿਆ। ਸਿੱਕਿਆਂ 'ਤੇ ਉਸ ਦਾ ਚਿਹਰਾ ਉਸ ਦੀ ਮਾਂ ਮਰਹੂਮ ਮਹਾਰਾਣੀ ਐਲਿਜ਼ਬੈਥ ਦੂਸਰੀ ਦੀ ਤਸਵੀਰ ਦੀ ਥਾਂ ਲਵੇਗਾ। 1908 ਵਿਚ ਆਪਣੇ ਦਰਵਾਜੇ ਖੋਲ੍ਹਣ ਪਿੱਛੋਂ ਟਕਸਾਲ ਨੇ ਰਾਜ ਕਰਨ ਵਾਲੇ ਬਾਦਸ਼ਾਹ ਦੀ ਕੈਨੇਡੀਅਨ ਸਿੱਕਿਆਂ 'ਤੇ ਤਸਵੀਰ ਪੇਸ਼ ਕੀਤੀ ਹੈ। ਕੈਨੇਡਾ ਨੇ ਐਲਾਨ ਕੀਤਾ ਕਿ ਉਨ੍ਹਾਂ ਦੇ ਕਿੰਗ ਚਾਰਲਸ ਤੀਸਰੇ ਦਾ ਪੁਤਲਾ ਕੈਨੇਡੀਅਨ ਸਿੱਕਿਆਂ 'ਤੇ ਦਿਖਾਈ ਦੇਵੇਗਾ। ਰਾਇਲ ਕੈਨੇਡੀਅਨ ਮਿੰਟ ਦੀ ਪ੍ਰਧਾਨ ਤੇ ਸੀਈਓ ਮੇਰੀ ਲੇਮੇ ਨੇ ਇਕ ਬਿਆਨ ਵਿਚ ਕਿਹਾ ਕਿ ਸਾਨੂੰ ਇਕ ਵਾਰ ਫਿਰ ਲੰਬੇ ਸਮੇਂ ਤੋਂ ਚਲੀ ਆ ਰਹੀ ਕੈਨੇਡੀਅਨ ਪ੍ਰੰਪਰਾ ਨੂੰ ਕਾਇਮ ਰੱਖਣ 'ਤੇ ਮਾਣ ਮਹਿਸੂਸ ਹੋਇਆ ਹੈ। ਸਾਡੇ ਬਹੁਤ ਸਾਰੇ ਮੁਲਾਜ਼ਮਾ ਨੇ ਇਤਿਹਾਸਕ ਚੁਣੌਤੀ ਦਾ ਸਾਹਮਣਾ ਕਰਨ ਲਈ ਇਕ ਹੋ ਕੇ ਕੰਮ ਕੀਤਾ ਅਤੇ ਅਸੀਂ ਕਿੰਗ ਚਾਰਲਸ ਦੇ ਜਨਮ ਦਿਨ 'ਤੇ ਪ੍ਰੋਡਕਸ਼ਨ ਤਿਆਰ ਕਰ ਕੇ ਖੁਸ਼ ਹਾਂ। 350 ਕਲਾਕਾਰਾਂ ਦੀਆਂ ਅਰਜ਼ੀਆਂ ਵਿਚੋਂ ਕੈਨੇਡੀਅਨ ਪੋਰਟਰੇਟ ਕਲਾਕਾਰ ਸਟੀਵਨ ਰੋਸਾਟੀ ਦੇ ਕੰਮ ਦੀ ਚੋਣ ਕੀਤੀ ਗਈ। ਇਸ ਨੂੰ ਪ੍ਰਵਾਨਗੀ ਲਈ ਬਰਮਿੰਘਮ ਪੈਲੇਸ ਭੇਜਿਆ ਗਿਆ ਹੈ।

# ਇਕ ਔਰਤ ਨੂੰ ਵਿਅਕਤੀ ਵਲੋਂ ਜੰਗਲ ਵਿਚ ਖਿੱਚ ਕੇ ਲਿਜਾਣ ਦੀ ਪੁਲਿਸ ਵਲੋਂ ਜਾਂਚ

ਵੈਨਕੂਵਰ ਆਈਲੈਂਡ-ਪੁਲਿਸ ਇਕ ਵਿਅਕਤੀ ਵਲੋਂ ਔਰਤ ਨੂੰ ਪਿੱਛੋਂ ਜੱਫਾ ਪਾ ਕੇ ਜੰਗਲੀ ਇਲਾਕੇ ਵਿਚ ਖਿਚ ਕੇ ਲਿਜਾਣ ਦੀ ਘਟਨਾ ਦੀ ਜਾਂਚ ਕਰ ਰਹੀ ਹੈ। ਲੇਡੀਸਮਿਥ ਆਰਸੀਐਮਪੀ ਨੇ ਕਿਹਾ ਕਿ ਡਿਟੈਚਮੈਂਟ ਨੂੰ ਰੇਲ ਪਟੜੀਆਂ ਅਤੇ ਓਸਟਰ ਬੇਅ ਡਰਾਈਵ ਨੇੜੇ ਟਰਾਂਸਫਰ ਬੀਚ ਬੁਲੇਵਾਰਡ 'ਤੇ ਹਮਲੇ ਬਾਰੇ ਬੀਤੇ ਦਿਨੀ ਰਾਤ 8.30 ਵਜੇ ਤੋਂ ਬਾਅਦ ਜਾਣਕਾਰੀ ਦਿੱਤੀ ਗਈ ਸੀ। ਆਰਸੀਐਮਪੀ ਨੇ ਦੱਸਿਆ ਕਿ ਵਿਅਕਤੀ ਔਰਤ ਨੂੰ ਕੁਝ ਪਲ ਜੰਗਲ ਅੰਦਰ ਨੂੰ ਖਿੱਚਦਾ ਰਿਹਾ ਪਰ ਫਿਰ ਛੱਡ ਦਿੱਤਾ। ਪੁਲਿਸ ਦੇ ਖੋਜੀ ਕੁੱਤੇ ਮੌਕੇ 'ਤੇ ਲੈ ਕੇ ਗਈ ਪਰ ਸ਼ੱਕੀ ਦਾ ਪਤਾ ਨਹੀਂ ਲੱਗ ਸਕਿਆ। ਪੀੜਤ ਔਰਤ ਝੰਜੋੜੀ ਗਈ ਸੀ ਪਰ ਉਸ ਦੇ ਕੋਈ ਸੱਟ ਵਗੈਰਾ ਨਹੀਂ ਲੱਗੀ। ਉਸ ਨੂੰ ਪੀੜਤ ਸੇਵਾਵਾਂ ਵਲੋਂ ਸਹਾਇਤਾ ਦਿੱਤੀ ਜਾ ਰਹੀ ਹੈ। ਪੁਲਿਸ ਲੋਕਾਂ ਨੂੰ ਕਹਿ ਰਹੀ ਹੈ ਕਿ ਜੇਕਰ ਕੋਈ ਵਿਅਕਤੀ ਉਸ ਦਿਨ ਸ਼ਾਮ 7 ਵਜੇ ਤੋਂ ਰਾਤ 9 ਵਜੇ ਤਕ ਰਿਹਾ ਹੋਵੇ ਤਾਂ ਉਹ ਲੇਡੀਸਮਿਥ ਆਰਸੀਐਮਪੀ ਨਾਲ ਸੰਪਰਕ ਕਰੇ।

# ਮਾਂਟਰੀਅਲ ਵਿਚ ਦੋ ਯਹੂਦੀ ਸਕੂਲਾਂ 'ਤੇ ਗੋਲੀਬਾਰੀ-ਕੋਈ ਵੀ ਜ਼ਖ਼ਮੀ ਨਹੀਂ

ਮਾਂਟਰੀਅਲ-ਇਥੇ ਰਾਤ ਸਮੇਂ ਦੋ ਯਹੂਦੀ ਸਕੂਲਾਂ 'ਤੇ ਗੋਲੀਬਾਰੀ ਕੀਤੀ ਗਈ ਪਰ ਇਸ ਵਿਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ। ਇਹ ਇਜ਼ਰਾਈਲ ਅਤੇ ਹਮਾਸ ਵਿਚਕਾਰ ਜੰਗ ਦੇ ਸਬੰਧ ਵਿਚ ਸ਼ਹਿਰ ਵਿਚ ਤਾਜ਼ਾ ਹਿੰਸਕ ਘਟਨਾ ਹੈ। ਸਟਾਫ ਮੈਂਬਰ ਜਦੋਂ ਸਕੂਲ ਪੁੱਜੇ ਤਾਂ ਉਨ੍ਹਾਂ ਨੇ ਇਮਾਰਤਾਂ ਦੇ ਬਾਹਰਲੇ ਹਿੱਸੇ 'ਤੇ ਗੋਲੀਆਂ ਦੇ ਸੁਰਾਖ ਦੇਖੇ। ਪੁਲਿਸ ਨੇ ਦੱਸਿਆ ਕਿ ਗੋਲੀਬਾਰੀ ਸਮੇਂ ਇਮਾਰਤ ਵਿਚ ਕੋਈ ਵੀ ਮੌਜੂਦ ਨਹੀਂ ਸੀ। ਮਾਂਟਰੀਅਲ ਕੋਟ-ਡੇਸ-ਨੇਗੇਸ ਇਲਾਕੇ ਵਿਚ ਟੈਲਮਡ ਟੋਰਾਹ ਐਲੀਮੈਂਟਰੀ ਸਕੂਲ ਦੀ ਪਹਿਲੀ ਮੰਜ਼ਿਲ ਦੀ ਖਿੜਕੀ ਵਿਚ ਇਕ ਛੋਟਾ ਸੁਰਾਖ ਦਿਖਾਈ ਦੇ ਰਿਹਾ ਸੀ। ਦਰਵਾਜੇ ਵਿਚ ਇਕ ਹੋਰ ਸੁਰਾਖ ਦਿਖਾਈ ਦਿੱਤਾ ਜਿਹੜਾ ਟੇਪ ਨਾਲ ਢੱਕਿਆ ਹੋਇਆ ਸੀ। ਪੁਲਿਸ ਦੇ ਬੁਲਾਰੇ ਕੰਸਟੇਬਲ ਜੀਨ-ਪੀਅਰ ਬਰੈਬੈਂਟ ਨੇ ਦੱਸਿਆ ਕਿ ਵੀਰਵਾਰ ਸਵੇਰੇ 8.20 ਵਜੇ ਟੈਲਮਡ ਟੋਰਾਹ ਸਕੂਲ ਵਿਖੇ ਸੱਦਿਆ ਗਿਆ ਸੀ। 30 ਮਿੰਟ ਬਾਅਦ ਮਾਂਟਰੀਅਲ ਵਿਚ ਯੇਸ਼ਿਵਾ ਗੇਡੋਲਾ ਨੇੜੇ ਇਕ ਹੋਰ ਸਕੂਲ ਵਿਚ ਬੁਲਾਇਆ ਗਿਆ ਸੀ ਜਿਥੇ ਡੇਅਕੇਅਰ, ਐਲੀਮੈਂਟਰੀ ਅਤੇ ਹਾਈ ਸਕੂਲ ਤੇ ਪੋਸਟ ਸੈਕੰਡਰੀ ਪ੍ਰੋਗਰਾਮ ਹਨ। ਗੋਲੀਬਾਰੀ 'ਤੇ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮਾਂਟਰੀਅਲ ਦੇ ਉਪਨਗਰ ਲਾਂਗੁਇਲ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਕੈਨੇਡੀਅਨਾਂ ਨੂੰ ਸਖਤ ਸ਼ਬਦਾਂ ਵਿਚ ਯਹੂਦੀ ਵਿਰੋਧਵਾਦ ਦੀ ਨਿਖੇਧੀ ਕਰਨੀ ਚਾਹੀਦੀ ਹੈ।

# ਹਾਕੀ ਖਿਡਾਰੀ ਦੀ ਮੌਤ ਦੇ ਸਬੰਧ ਵਿਚ ਗ੍ਰਿਫ਼ਤਾਰ ਵਿਅਕਤੀ ਜ਼ਮਾਨਤ 'ਤੇ ਰਿਹਾਅ

ਲੰਡਨ-ਅਮਰੀਕੀ ਹਾਕੀ ਖਿਡਾਰੀ ਐਡਮ ਜੌਹਨਸਨ ਜਿਸ ਦੀ ਧੌਣ 'ਤੇ ਖੇਡ ਦੌਰਾਨ ਸਕੇਟ ਨਾਲ ਕੱਟ ਲੱਗ ਗਿਆ ਸੀ ਦੀ ਮੌਤ ਦੇ ਸਬੰਧ ਵਿਚ ਗ੍ਰਿਫ਼ਤਾਰ ਵਿਅਕਤੀ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। 29 ਸਾਲਾ ਜੌਹਨਸਨ 28 ਅਕਤੂਬਰ ਨੂੰ ਜਦੋਂ ਸੈਂਟਰਲ ਇੰਗਲੈਂਡ ਵਿਚ ਸ਼ੈਫੀਲਡ ਦੇ ਘਰੇਲੂ ਮੈਦਾਨ ਵਿਚ ਐਲੀਟ ਹਾਕੀ ਲੀਗ ਗੇਮ ਵਿਚ ਸ਼ੈਫੀਲਡ ਸਟੀਲਰਜ਼ ਖਿਲਾਫ ਨੌਟਿੰਗਮ ਪੈਂਥਰਜ਼ ਲਈ ਖੇਡ ਰਿਹਾ ਸੀ ਤਾਂ ਵਿਰੋਧੀ ਨੇ ਉਸ ਦੇ ਸਕੇਟ ਬਲੇਡ ਮਾਰ ਦਿੱਤਾ ਸੀ। ਪੋਸਟ ਮਾਰਟਮ ਜਾਂਚ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਸ ਦੀ ਮੌਤ ਧੌਣ 'ਤੇ ਜਾਨਲੇਵਾ ਜ਼ਖ਼ਮ ਕਾਰਨ ਹੋਈ ਸੀ। ਸਾਊਥ ਯਾਰਕਸ਼ਾਇਰ ਪੁਲਿਸ ਨੇ ਸ਼ੱਕੀ ਦਾ ਨਾਂਅ ਨਹੀਂ ਜਾਂ ਉਸ ਦੀ ਉਮਰ ਬਾਰੇ ਨਹੀਂ ਦੱਸਿਆ। ਉਸ ਨੂੰ ਮੰਗਲਵਾਰ ਗ੍ਰਿਫ਼ਤਾਰ ਕਰ ਲਿਆ ਅਤੇ ਅਗਲੀ ਜਾਂਚ ਹੋਣ ਤਕ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ।

# ਰਿਮੈਂਬਰੈਂਸ ਡੇਅ ਸਮਾਰੋਹ ਵਿਖੇ ਕੈਨੇਡਾ ਲਈ ਜਾਨ ਕੁਰਬਾਨ ਕਰਨ ਵਾਲਿਆਂ ਨੂੰ ਸ਼ਰਧਾਂਜਲੀ

ਐਬਟਸਫੋਰਡ-ਪਿਛਲੇ ਦਿਨੀ ਥੰਡਰਬਰਡ ਮੈਮੋਰੀਅਲ ਸਕੁਏਅਰ ਵਿਖੇ ਸ਼ਰਧਾਂਜਲੀ ਭੇਂਟ ਕਰਨ ਲਈ ਲਗਪਗ 2000 ਵਿਅਕਤੀ ਇਕੱਤਰ ਹੋਏ। ਉਨ੍ਹਾਂ ਲੋਕਾਂ ਜਿਹੜੇ ਕੈਨੇਡਾ ਲਈ ਲੜਾਈ ਕਰਦੇ ਮਾਰੇ ਗਏ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਜਿਉਂ ਹੀ ਹਜ਼ਾਰਾਂ ਲੋਕ ਐਬਟਸਫੋਰਡ ਵਿਚ ਇਕੱਤਰ ਹੋਏ ਤਾਂ ਬਾਰਸ਼ ਰੁਕ ਗਈ। ਥੰਡਰਬਰਡ ਮੈਮੋਰੀਅਲ ਸਕੁਏਅਰ ਵਿਖੇ ਰਿਮੈਂਬਰੈਂਸ ਡੇਅ ਸਮਾਰੋਹ ਵਿਖੇ ਵੈਟਰਨਜ਼ ਅਤੇ ਲੀਜ਼ਨ ਦੇ ਮੈਂਬਰਾਂ ਤੋਂ ਲੈ ਕੇ ਪਤਵੰਤੇ ਤੇ ਆਮ ਜਨਤਾ ਦੇ ਲਗਪਗ 2000 ਵਿਅਕਤੀ ਦਿਖਾਈ ਦਿੱਤੇ। ਸਮਾਰੋਹ ਤੋਂ! ਪਹਿਲਾਂ ਹਲਕੀ ਬਾਰਸ਼ ਹੋ ਰਹੀ ਸੀ ਪਰ ਜਦੋਂ ਸਮਾਰੋਹ ਸ਼ੁਰੂ ਹੋਇਆ ਤਾਂ ਅਸਮਾਨ ਸਾਫ ਹੋ ਗਿਆ ਅਤੇ ਇਥੋਂ ਤਕ ਉਸ ਸਵੇਰ ਨੂੰ ਸੂਰਜ ਵੀ ਚਮਕਿਆ। ਸਮਾਰੋਹ ਵਿਚ ਫਲਾਈ-ਪਾਸਟ ਵੀ ਸ਼ਾਮਿਲ ਸੀ।






# ਅਮਰੀਕਾ ਤੇ ਚੀਨ ਫ਼ੌਜੀ ਸੰਚਾਰ ਬਹਾਲ ਕਰਨ ’ਤੇ ਸਹਿਮਤ

## ਦੋਵੇਂ ਆਗੂਆਂ ਵੱਲੋਂ ਅਹਿਮ ਖੇਤਰੀ ਅਤੇ ਆਲਮੀ ਚੁਣੌਤੀਆਂ ਬਾਰੇ ਵਿਚਾਰਾਂ

ਵੁਡਸਾਈਡ/ਪੇਈਚਿੰਗ–ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਉਨ੍ਹਾਂ ਦੇ ਚੀਨੀ ਹਮਰੁਤਬਾ ਸ਼ੀ ਜਿਨਪਿੰਗ ਨੇ ਦੋਵੇਂ ਮੁਲਕਾਂ ਵਿਚਕਾਰ ਤਣਾਅਪੂਰਨ ਸਬੰਧਾਂ ਦਰਮਿਆਨ ਚਾਰ ਘੰਟੇ ਦੀ ਲੰਮੀ ਮੁਲਾਕਾਤ ਦੌਰਾਨ ਉੱਚ ਪੱਧਰੀ ਫ਼ੌਜੀ ਸੰਚਾਰ ਅਤੇ ਨਾਰਕੋਟਿਕਸ ਵਿਰੋਧੀ ਸਹਿਯੋਗ ਬਾਰੇ ਚਰਚਾ ਮੁੜ ਤੋਂ ਸ਼ੁਰੂ ਕਰਨ ‘ਤੇ ਸਹਿਮਤੀ ਜਤਾਈ। ਦੋਵੇਂ ਆਗੂਆਂ ਦੀ ਮੁਲਾਕਾਤ ਸਾਂ ਫਰਾਂਸਿਸਕੋ ‘ਚ ਏਸ਼ੀਆ–ਪ੍ਰਸ਼ਾਂਤ ਆਰਥਿਕ ਸਹਿਯੋਗ ਸਿਖਰ ਸੰਮੇਲਨ ਦੌਰਾਨ ਹੋਈ। ਬਾਇਡਨ ਨੇ ਕਿਹਾ ਕਿ ਆਹਮੋ–ਸਾਹਮਣੇ ਬੈਠ ਕੇ ਗੱਲਬਾਤ ਦਾ ਕੋਈ ਹੋਰ ਬਦਲ ਨਹੀਂ ਹੋ ਸਕਦਾ ਹੈ। ‘ਸਾਡੀ ਹਮੇਸ਼ਾ ਖੁੱਲ੍ਹ ਕੇ ਅਤੇ ਸਿੱਧੀ ਗੱਲਬਾਤ ਹੋਈ ਹੈ। ਸ਼ੀ ਨੂੰ ਮੈਂ ਲੰਮੇ ਸਮੇਂ ਤੋਂ ਜਾਣਦਾ ਹਾਂ, ਉਹ ਹਮੇਸ਼ਾ ਸਹਿਮਤ ਨਹੀਂ ਹੁੰਦੇ ਹਨ ਜਿਸ ਤੋਂ ਕਿਸੇ ਨੂੰ ਹੈਰਾਨ ਹੋਣ ਦੀ ਲੋੜ ਨਹੀਂ।“ ਬਾਇਡਨ ਨੇ ਕਿਹਾ ਕਿ ਜਦੋਂ ਦੋਵੇਂ ਧਿਰਾਂ ‘ਚ ਗੱਲਬਾਤ ਨਹੀਂ ਹੁੰਦੀ ਹੈ ਤਾਂ ਮੱਤਭੇਦ ਵੱਧ ਜਾਂਦੇ ਹਨ, ਅਜਿਹੇ ‘ਚ ਹੁਣ ਦੋਵੇਂ ਰਾਸ਼ਟਰਪਤੀਆਂ ਨੂੰ ਇਕ–ਦੂਜੇ ਦਾ ਫੋਨ ਚੁੱਕ ਕੇ ਸਿੱਧੇ ਹੀ ਇੱਕ ਦੂਜੇ ਦੀ ਗੱਲ ਸੁਣਨੀ ਚਾਹੀਦੀ ਹੈ। ਵ੍ਹਾਈਟ ਹਾਊਸ ਨੇ ਕਿਹਾ ਕਿ ਦੋਵੇਂ ਆਗੂਆਂ ਨੇ ਅਹਿਮ ਖੇਤਰੀ ਅਤੇ ਆਲਮੀ ਚੁਣੌਤੀਆਂ ਬਾਰੇ ਆਪੋ ਆਪਣੇ ਵਿਚਾਰ ਰੱਖੇ। ਉਨ੍ਹਾਂ ਕਿਹਾ ਕਿ ਬਾਇਡਨ ਨੇ ਹਿੰਦ–ਪ੍ਰਸ਼ਾਂਤ ਨੂੰ ਆਜ਼ਾਦ ਅਤੇ ਖੁੱਲ੍ਹਾ ਰੱਖਣ ਦੀ ਹਮਾਇਤ ਕਰਦਿਆਂ ਦੱਖਣੀ ਚੀਨ ਸਾਗਰ ਅਤੇ ਪੂਰਬੀ ਚੀਨ ਸਾਗਰ ‘ਚ ਸ਼ਾਂਤੀ ਤੇ ਸਥਿਰਤਾ ਬਹਾਲ ਕਰਨ ‘ਤੇ ਜ਼ੋਰ ਦਿੱਤਾ ਹੈ। ਚੀਨ ਦੇ ਸਰਕਾਰੀ ਮੀਡੀਆ ਨੇ ਸ਼ੀ ਅਤੇ ਬਾਇਡਨ ਵਿਚਕਾਰ ਸਹਿਮਤੀ ‘ਤੇ ਪੁੱਜਣ ਦਾ ਐਲਾਨ ਕਰਦਿਆਂ ਕਿਹਾ ਕਿ ਸ਼ੀ ਨੇ ਬਾਇਡਨ ਨਾਲ ਦੋਵੇਂ ਵੱਡੇ ਅਰਥਚਾਰਿਆਂ ਵਿਚਕਾਰ ਤਣਾਅ ਘਟਾਉਣ, ਖਾਸ ਕਰਕੇ ਉਸ ਸਮੇਂ ਜਦੋਂ ਚੀਨੀ ਅਰਥਚਾਰਾ ਲਗਾਤਾਰ ਨਿਘਾਰ ਵੱਲ ਜਾ ਰਿਹਾ ਹੈ, ਦੀ ਵਕਾਲਤ ਕੀਤੀ ਹੈ। ਸ਼ੀ ਨੇ ਕਿਹਾ ਕਿ ਮੱਤਭੇਦ ਅਤੇ ਟਕਰਾਅ ਦਾ ਦੋਵੇਂ ਮੁਲਕਾਂ ‘ਤੇ ਅਸਹਿਣਯੋਗ ਅਸਰ ਪੈਂਦਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਨੂੰ ਦੇਖਦਿਆਂ ਵੱਡੇ ਮੁਲਕਾਂ ‘ਚ ਮੁਕਾਬਲੇਬਾਜ਼ੀ ਦਾ ਰੁਝਾਨ ਨਹੀਂ ਹੋਣਾ ਚਾਹੀਦਾ ਹੈ। ਸ਼ੀ ਨੇ ਅਮਰੀਕਾ ਦੀ ਤਾਇਵਾਨ ਪ੍ਰਤੀ ਨੀਤੀ ‘ਤੇ ਵੀ ਚਿੰਤਾ ਪ੍ਰਗਟਾਈ। ਸ਼ੀ ਨੇ ਬਾਇਡਨ ਨੂੰ ਕਿਹਾ ਕਿ ਉਹ ਤਾਇਵਾਨ ਨੂੰ ਹਮਾਇਤ ਦੇਣ ਦਾ ਵਾਅਦਾ ਨਾ ਕਰੇ। ਬਾਇਡਨ ਨੇ ਆਸ ਜਤਾਈ ਕਿ ਤਾਇਵਾਨ ‘ਚ ਆਉਂਦੀਆਂ ਰਾਸ਼ਟਰਪਤੀ ਚੋਣਾਂ ‘ਚ ਚੀਨ ਦਖ਼ਲ ਨਹੀਂ ਦੇਵੇਗਾ।

### ਤਾਨਾਸ਼ਾਹ ਹੈ ਸ਼ੀ ਜਿਨਪਿੰਗ-ਬਾਇਡਨ

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਪੱਤਰਕਾਰਾਂ ਦੇ ਇਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਉਹ ਅਜੇ ਵੀ ਮੰਨਦੇ ਹਨ ਕਿ ਸ਼ੀ ਇਕ ਤਾਨਾਸ਼ਾਹ ਹੈ। ਬਾਇਡਨ ਦੀ ਇਸ ਟਿੱਪਣੀ ਨਾਲ ਪੇਈਚਿੰਗ ਨਿਰਾਸ਼ ਹੋ ਸਕਦਾ ਹੈ।



ਬਾਇਡਨ ਨੇ ਕਿਹਾ ਕਿ ਸ਼ੀ ਕਮਿਊਨਿਸਟ ਮੁਲਕ ਨੂੰ ਚਲਾ ਰਿਹਾ ਹੈ ਜਿਥੇ ਸਾਡੇ ਨਾਲੋਂ ਸਰਕਾਰ ਦਾ ਸਰੂਪ ਬਿਲਕੁਲ ਹੀ ਵੱਖਰਾ ਹੈ। ‘ਮੈਂ ਸ਼ੀ ਜਿਨਪਿੰਗ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਸਾਡੇ ਵਿਚਕਾਰ ਕਈ ਮੁੱਦਿਆਂ ‘ਤੇ ਅਸਹਿਮਤੀ ਹੈ। ਕਈ ਮੁੱਦਿਆਂ ‘ਤੇ ਮੇਰੇ ਨਾਲੋਂ ਉਸ ਦੇ ਵੱਖਰੇ ਵਿਚਾਰ ਹਨ ਪਰ ਉਹ ਸਿੱਧੀ ਗੱਲ ਕਰਨ ਵਾਲਾ ਵਿਅਕਤੀ ਹੈ।“ ਬਾਇਡਨ ਨੇ ਕਿਹਾ ਕਿ ਦੋਵੇਂ ਮੁਲਕਾਂ ਵਿਚਕਾਰ ਵੱਖਰੇਵੇਂ ਹੋਣ ਦੇ ਬਾਵਜੂਦ ਉਨ੍ਹਾਂ ਤਰੱਕੀ ਕੀਤੀ ਹੈ।

### ਸਾਡਾ ਇਰਾਦਾ ਚੀਨ ਨਾਲ ਸਬੰਧਾਂ ਨੂੰ ਜ਼ਿੰਮੇਵਾਰੀ ਨਾਲ ਸੰਭਾਲਣ ਦਾ ਹੈ-ਬਾਇਡਨ




ਸਾਂ ਫਰਾਂਸਿਸਕੋ–ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਤੋਂ ਇਕ ਦਿਨ ਬਾਅਦ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਉਹ ਚੀਨ ਨਾਲ ਸਬੰਧਾਂ ਨੂੰ ਜ਼ਿੰਮੇਵਾਰੀ ਨਾਲ ਸੰਭਾਲਣ ਦਾ ਇਰਾਦਾ ਰੱਖਦੇ ਹਨ। ਉਨ੍ਹਾਂ ਏਸ਼ੀਆ ਪ੍ਰਸ਼ਾਂਤ ਆਰਥਿਕ ਸਹਿਯੋਗ (ਏਪੀਈਸੀ) ਦੇ ਸੀਈਓਜ਼ ਦੇ ਸੰਮੇਲਨ ਵਿੱਚ ਕਿਹਾ, ‘ਮੇਰਾ ਇਰਾਦਾ ਅਮਰੀਕਾ ਅਤੇ ਚੀਨ ਦਰਮਿਆਨ ਮੁਕਾਬਲੇ ਨੂੰ ਜ਼ਿੰਮੇਵਾਰੀ ਨਾਲ ਸੰਭਾਲਣਾ ਹੈ। ਇਸ ਬਾਰੇ ਕੱਲ੍ਹ ਮੇਰੇ ਅਤੇ ਸ਼ੀ ਵਿਚਕਾਰ ਸੰਖੇਪ ਗੱਲਬਾਤ ਹੋਈ ਸੀ। ਸਾਰੀ ਦੁਨੀਆ ਸਾਡੇ ਤੋਂ ਇਹੀ ਆਸ ਰੱਖਦੀ ਹੈ ਤੇ ਮੇਰਾ ਵਾਅਦਾ ਹੈ ਕਿ ਅਜਿਹਾ ਕੀਤਾ ਜਾਵੇਗਾ।‘

# ਵਿਦੇਸ਼ ਮੰਤਰੀ ਬਣੇ ਕੈਮਰੋਨ ਵੱਲੋਂ ਯੂਕਰੇਨ ਦਾ ਦੌਰਾ

## ਜ਼ੈਲੇਂਸਕੀ ਨਾਲ ਮੁਲਾਕਾਤ ਕਰਕੇ ਹਮਾਇਤ ਜਾਰੀ ਰੱਖਣ ਦਾ ਅਹਿਦ ਦੁਹਰਾਇਆ

ਕੀਵ–ਬਰਤਾਨੀਆ ਦੇ ਨਵੇਂ ਬਣੇ ਵਿਦੇਸ਼ ਮੰਤਰੀ ਡੇਵਿਡ ਕੈਮਰੋਨ ਅਹੁਦਾ ਸੰਭਾਲਣ ਸਾਰ ਆਪਣੇ ਪਹਿਲੇ ਵਿਦੇਸ਼ ਦੌਰੇ ‘ਤੇ ਯੂਕਰੇਨ ਪੁੱਜੇ ਜਿਥੇ ਉਨ੍ਹਾਂ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨਾਲ ਮੁਲਾਕਾਤ ਕਰਕੇ ਜੰਗ ‘ਚ ਫ਼ੌਜੀ ਪੱਧਰ ‘ਤੇ ਲਗਾਤਾਰ ਹਮਾਇਤ ਦੇਣ ਦਾ ਅਹਿਦ ਦੁਹਰਾਇਆ। ਰਾਸ਼ਟਰਪਤੀ ਵੱਲੋਂ ਪੋਸਟ ਕੀਤੇ ਗਏ ਵੀਡੀਓ ਮੁਤਾਬਕ ਕੈਮਰੋਨ ਨੇ ਜ਼ੈਲੇਂਸਕੀ ਨੂੰ ਕਿਹਾ ਕਿ ਉਹ ਯੂਕਰੇਨੀ ਲੋਕਾਂ ਦੀ ਤਾਕਤ ਅਤੇ ਵਚਨਬੱਧਤਾ ਦੀ ਸ਼ਲਾਘਾ ਕਰਦੇ ਹਨ। ਕੈਮਰੋਨ ਨੇ ਕਿਹਾ,“ਯੂਕੇ ਨੈਤਿਕ ਅਤੇ ਕੂਟਨੀਤਕ ਹਮਾਇਤ ਦਿੰਦਾ ਰਹੇਗਾ ਪਰ ਜਦੋਂ ਤੱਕ ਜੰਗ ਜਾਰੀ ਰਹੇਗੀ, ਯੂਕਰੇਨ ਨੂੰ ਹਰ ਸੰਭਵ ਫ਼ੌਜੀ ਹਮਾਇਤ ਦਿੰਦੇ ਰਹਾਂਗੇ।“ ਜ਼ੈਲੇਂਸਕੀ ਨੇ ਦੌਰੇ ਲਈ ਕੈਮਰੋਨ ਦਾ ਧੰਨਵਾਦ ਕੀਤਾ। ਇਜ਼ਰਾਈਲ ਅਤੇ ਹਮਾਸ ਵਿਚਕਾਰ ਜੰਗ ਦੇ ਬਾਵਜੂਦ ਜ਼ੈਲੇਂਸਕੀ ਨੇ ਯੂਕਰੇਨ ਜੰਗ ਵੱਲ ਦੁਨੀਆ ਦਾ ਧਿਆਨ ਬਣਾਈ ਰੱਖਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ। ਜ਼ੈਲੇਂਸਕੀ ਨੇ ਟੈਲੀਗ੍ਰਾਮ ‘ਤੇ ਲਿਖਿਆ ਕਿ ਮੀਟਿੰਗ ਬਹੁਤ ਵਧੀਆ ਰਹੀ। ਉਨ੍ਹਾਂ ਕਿਹਾ ਕਿ ਲੋਕਾਂ ਦੀ ਰੱਖਿਆ, ਹਵਾਈ ਸੁਰੱਖਿਆ ਮਜ਼ਬੂਤ ਕਰਨ ਅਤੇ ਹਥਿਆਰਾਂ ਦੇ ਮੋਰਚੇ ‘ਤੇ ਇੰਗਲੈਂਡ ਵੱਲੋਂ ਦਿੱਤੀ ਜਾ ਰਹੀ ਸਹਾਇਤਾ ਲਈ ਉਹ ਸ਼ੁਕਰਗੁਜ਼ਾਰ ਹਨ। ਇੰਗਲੈਂਡ ਨੇ ਕਿਹਾ ਹੈ ਕਿ ਪਿਛਲੇ ਮਹੀਨੇ ਤੱਕ ਉਸ ਨੇ 4.6 ਅਰਬ ਪਾਊਂਡ ਦੀ ਸਹਾਇਤਾ ਦੇਣ ਦੇ ਨਾਲ ਨਾਲ 30 ਹਜ਼ਾਰ ਯੂਕਰੇਨੀ ਜਵਾਨਾਂ ਨੂੰ ਸਿਖਲਾਈ ਦਿੱਤੀ ਹੈ। ਬ੍ਰਿਟੇਨ ਵੱਲੋਂ ਦਿੱਤੀ ਗਈ ਮਦਦ ਅਮਰੀਕਾ ਤੋਂ ਬਾਅਦ ਸਭ ਤੋਂ ਜ਼ਿਆਦਾ ਹੈ।






# ਇਜ਼ਰਾਈਲ-ਹਮਾਸ ਜੰਗ ਦਾ ਕੈਨੇਡਾ ਤੇ ਪ੍ਰਛਾਵਾਂ...

## ਨਸਲੀ ਨ.ਫਰਤ ਦੀਆਂ ਘਟਨਾਵਾਂ ਚਿੰਤਾਜਨਕ

**ਸੁਖਵਿੰਦਰ ਸਿੰਘ ਚੋਹਲਾ**

ਇਜਰਾਈਲ-ਹਮਾਸ ਵਿਚਾਲੇ ਚੱਲ ਰਹੀ ਜੰਗ ਦੌਰਾਨ ਦੁਨੀਆਂ ਦੋ ਹਿੱਸਿਆਂ ਵਿਚ ਵੰਡੀ ਨਜ਼ਰ ਆਉਣ ਲੱਗੀ ਹੈ। ਕਿਤੇ ਜੰਗ ਦੇ ਵਿਰੋਧ ਤੇ ਕਿਤੇ ਹਮਾਸ ਖਿਲਾਫ ਰੋਸ ਪ੍ਰਦਰਸ਼ਨਾਂ ਦੌਰਾਨ ਨਸਲੀ ਨਫਰਤ ਵੀ ਆਪਣਾ ਰੰਗ ਵਿਖਾਉਣ ਲੱਗੀ ਹੈ। ਕੈਨੇਡਾ ਜਿਸਨੂੰ ਕਿ ਮਾਨਵੀ ਹੱਕਾਂ ਦੇ ਅਲੰਬਰਦਾਰ ਤੇ ਵਿਸ਼ਵ ਸ਼ਾਂਤੀ ਲਈ ਕੰਮ ਕਰਨ ਵਾਲਾ ਮੋਹਰੀ ਮੁਲਕ ਮੰਨਿਆ ਜਾਂਦਾ ਹੈ, ਦੀ ਆਪਣੀ ਧਰਤੀ ਉਪਰ ਨਸਲੀ ਨਫਰਤ ਦੀਆਂ ਘਟਨਾਵਾਂ ਬਹੁਤ ਚਿੰਤਾਜਨਕ ਹਨ। ਪਿਛਲੇ ਦਿਨੀਂ ਜਿਥੇ ਕੈਨੇਡਾ ਦੇ ਵੱਡੇ ਸ਼ਹਿਰਾਂ ਵਿਚ ਇਜ਼ਰਾਈਲ ਹਮਲਿਆਂ ਖਿਲਾਫ ਰੋਸ ਪ੍ਰਦਰਸ਼ਨ ਕੀਤੇ ਗਏ ਹਨ, ਉਥੇ ਯਹੂਦੀਆਂ ਖਿਲਾਫ ਨਸਲੀ ਨਫਰਤ ਪੈਦਾ ਕਰਨ ਵਾਲੀਆਂ ਘਟਨਾਵਾਂ ਦਾ ਵਾਪਰਨਾ ਬੇਹੱਦ ਦੁਖਦਾਈ ਹੈ। ਯਹੂਦੀਆਂ ਖਿਲਾਫ ਨਫਰਤ ਫੈਲਾਉਣ ਦੀ ਕੋਸ਼ਿਸ਼ ਤਹਿਤ ਮਾਂਟਰੀਅਲ ਦੇ ਦੋ ਸਕੂਲਾਂ ਉਪਰ ਗੋਲੀਬਾਰੀ ਕੀਤੀ ਗਈ ਹੈ। ਦੋ ਹੋਰ ਯਹੂਦੀ ਸੰਸਥਾਵਾਂ ਉਪਰ ਅਗਨੀ ਬੰਬ ਸੁੱਟੇ ਗਏ ਹਨ। ਇਹਨਾਂ ਘਟਨਾਵਾਂ ਦੀ ਸਖਤ ਨਿੰਦਾ ਕਰਦਿਆਂ ਪ੍ਰਧਾਨ ਮੰਤਰੀ ਟਰੂਡੋ ਨੇ ਕਿਹਾ ਹੈ ਕਿ ਮੁਲਕ ਵਿਚ ਅਜਿਹੇ ਨਸਲੀ ਵਿਵਹਾਰ ਨੂੰ ਸਹਿਣ ਨਹੀ ਕੀਤਾ ਜਾ ਸਕਦਾ। ਕੈਨੇਡਾ ਦੀ ਪਛਾਣ ਇਹ ਨਹੀ ਹੈ। ਮਾਂਟਰੀਅਲ ਦੇ ਮੇਅਰ ਨੇ ਇਹਨਾਂ ਘਟਨਾਵਾਂ ਦੀ ਨਿੰਦਾ ਕਰਦਿਆਂ ਸ਼ਰਾਰਤੀਆਂ ਦੀ ਪਛਾਣ ਕਰਨ ਅਤੇ ਪੁਲਿਸ ਕਾਰਵਾਈ ਦੀ ਚੇਤਾਵਨੀ ਦਿੱਤੀ ਹੈ। ਇਸਤੋਂ ਪਹਿਲਾਂ ਵੈਨਕੂਵਰ ਵਿਚ ਇਜਰਾਈਲ ਖਿਲਾਫ ਰੋਸ ਪ੍ਰਦਰਸ਼ਨ ਦੌਰਾਨ ਲੰਗਾਰਾ ਕਾਲਜ ਦੀ ਇਕ ਪ੍ਰੋਫੈਸਰ ਵਲੋਂ ਜੰਗਬਾਜਾਂ ਖਿਲਾਫ ਕੀਤੇ ਗਏ ਭਾਸ਼ਨ ਨੂੰ ਨਫਰਤ ਫੈਲਾਉਣਾ ਕਰਾਰ ਦਿੰਦਿਆਂ ਕਾਲਜ ਮੈਨੇਜਮੈਂਟ ਵਲੋਂ ਉਸਦੀ ਛੁੱਟੀ ਕਰ ਦਿੱਤੀ ਗਈ । ਟੋਰਾਂਟੋ ਦੀ ਇਕ ਯੂਨੀਵਰਸਿਟੀ ਵਿਚ ਇਜਰਾਈਲ ਤੇ ਹਮਾਸ ਦੇ ਹਮਾਇਤੀ ਵਿਦਿਆਰਥੀਆਂ ਵਿਚਾਲੇ ਝੜਪਾਂ ਹੋਣ ਦੀ ਖਬਰ ਹੈ। ਸਮਝਿਆ ਜਾ ਸਕਦਾ ਹੈ ਕਿ ਨਸਲੀ ਨਫਰਤ ਦਾ ਸੇਕ ਵਿਦਿਅਕ ਅਦਾਰਿਆਂ ਤੱਕ ਵੀ ਪੁੱਜ ਚੁੱਕਾ ਹੈ।

ਕੈਨੇਡਾ ਸਰਕਾਰ ਵਲੋਂ ਅਮਰੀਕਾ ਦੇ ਭਾਈਵਾਲ ਵਜੋਂ ਗਾਜ਼ਾ ਪੱਟੀ ਵਿਚ ਹਮਾਸ ਦੀ ਅੱਤਵਾਦੀ ਕਾਰਵਾਈ ਉਪਰੰਤ ਇਜ਼ਰਾਈਲ ਦੀ ਫੌਜੀ ਕਾਰਵਾਈ ਨੂੰ ਜਾਇਜ਼ ਠਹਿਰਾਇਆ ਗਿਆ ਹੈ। ਕੈਨੇਡਾ ਸਰਕਾਰ ਵਲੋਂ ਖੁੱਲੇ ਰੂਪ ਵਿਚ ਇਜਰਾਈਲੀ ਕਾਰਵਾਈ ਦੀ ਹਮਾਇਤ ਕੀਤੇ ਜਾਣ ਕਾਰਣ ਉਸਦੇ ਮਾਨਵੀ ਹੱਕਾਂ ਦਾ ਅਲੰਬਰਦਾਰ ਹੋਣ ਦੀ ਪਛਾਣ ਨੂੰ ਸੱਟ ਵੱਜੀ ਹੈ।

ਬਿਨਾਂ ਸ਼ੱਕ 7 ਅਕਤੂਬਰ ਨੂੰ ਹਮਾਸ ਦੇ ਭਿਆਨਕ ਹਮਲਿਆਂ ਨੇ ਦੁਨੀਆ ਨੂੰ ਹੈਰਾਨ ਕਰ ਦਿੱਤਾ ਸੀ। ਇੱਕ ਸੰਗੀਤ ਸਮਾਰੋਹ ਵਿੱਚ ਸੈਂਕੜੇ ਨਿਰਦੋਸ਼ ਲੋਕਾਂ ਦਾ ਕਤਲੇਆਮ ਕੀਤਾ ਗਿਆ। ਬੱਚਿਆਂ ਸਮੇਤ ਸਰਹੱਦੀ ਬਸਤੀਆਂ ਦੇ ਬਹੁਤ ਸਾਰੇ ਵਸਨੀਕਾਂ ਨੂੰ ਵੀ ਬੇਰਹਿਮੀ ਦਾ ਸ਼ਿਕਾਰ ਬਣਾਇਆ ਗਿਆ। ਹਮਾਸ ਦੇ ਇਹਨਾਂ ਹਮਲਿਆਂ ਵਿਚ ਲਗਭਗ 1,400 ਲੋਕ ਮਾਰੇ ਗਏ ਸਨ ਤੇ 200 ਤੋਂ ਵੱਧ ਲੋਕਾਂ ਨੂੰ ਬੰਧਕ ਬਣਾ ਲਿਆ ਗਿਆ। ਇਜਰਾਈਲ ਵਲੋਂ ਹਮਾਸ ਦੇ ਇਹਨਾਂ ਹਮਲਿਆਂ ਖਿਲਾਫ ਕਾਰਵਾਈ ਦੇ ਨਾਮ ਹੇਠ ਅਤੇ ਬੰਧਕਾਂ ਨੂੰ ਛੁਡਵਾਉਣ ਦੀਆਂ ਕੋਸ਼ਿਸ਼ਾਂ ਵਜੋਂ ਹੁਣ ਤੱਕ ਜੋ ਕੀਤਾ ਜਾ ਰਿਹਾ ਹੈ, ਉਹ ਵੀ ਜੰਗੀ ਅਪਰਾਧ ਹੈ। ਇਜਰਾਈਲ ਦੀਆਂ ਫੌਜਾਂ ਵਲੋਂ ਲਗਾਤਾਰ ਗਾਜਾ ਪੱਟੀ ਉਪਰ ਹਮਲੇ ਜਿਹਨਾਂ ਵਿਚ ਹਸਪਤਾਲਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਨੂੰ ਕਿਸੇ ਵੀ ਤਰਾਂ ਜਾਇਜ਼ ਨਹੀ ਠਹਿਰਾਇਆ ਜਾ ਸਕਦਾ। ਇਜ਼ਰਾਈਲੀ ਰੱਖਿਆ ਮੰਤਰੀ ਅਤੇ ਪ੍ਰਧਾਨ ਮੰਤਰੀ ਨਿੱਤ ਬਿਆਨ ਦਾਗ ਰਹੇ ਹਨ ਕਿ ਹਮਾਸ ਦੇ ਸਫਾਏ ਤੋਂ ਬਿਨਾਂ ਹਮਲੇ ਬੰਦ ਨਹੀ ਹੋਣਗੇ। ਹਸਪਤਾਲਾਂ ਉਪਰ ਹਮਲਿਆਂ ਨੂੰ ਇਹ ਕਹਿਕੇ ਜਾਇਜ਼ ਨਹੀ ਠਹਿਰਾਇਆ ਜਾ ਸਕਦਾ ਕਿ ਹਮਾਸ ਦੇ ਅੱਤਵਾਦੀਆਂ ਵਲੋਂ ਇਹਨਾਂ ਹਸਪਤਾਲਾਂ ਨੂੰ ਆਪਣੇ ਗੁਪਤ ਠਿਕਾਣਿਆਂ ਵਜੋਂ ਵਰਤਿਆ ਜਾ ਰਿਹਾ ਹੈ। ਦਾਅਵਾ ਹੈ ਕਿ ਹਮਾਸ ਦੇ ਅਤਵਾਦੀਆਂ ਨੇ ਹਸਪਤਾਲਾਂ ਦੀਆਂ ਬੇਸਮੈਂਟਾਂ ਅਤੇ ਹੋਰ ਥਾਵਾਂ ਤੇ ਸੁਰੰਗਾਂ ਬਣਾਕੇ,ਇਹਨਾਂ ਨੂੰ ਇਕ ਯੁਧਨੀਤੀ ਤਹਿਤ ਵਰਤਿਆ ਜਾ ਰਿਹਾ ਹੈ। ਇਜ਼ਰਾਈਲ ਵਲੋਂ ਇਸ ਸਬੰਧੀ ਵੀਡੀਓ ਜਾਰੀ ਕਰਦਿਆਂ ਇਹਨਾਂ ਸੁਰੰਗਾਂ ਵਿਚ ਚੱਲ ਰਹੀ ਕਾਰਵਾਈ ਵੀ ਵਿਖਾਈ ਜਾ ਰਹੀ ਹੈ ਪਰ ਦੂਸਰੇ ਪਾਸੇ ਹਸਪਤਾਲਾਂ ਉਪਰ ਹਮਲਿਆਂ ਨਾਲ ਜੋ ਕੋਹਰਾਮ ਮੱਚਿਆ ਪਿਆ ਹੈ, ਇਨਸਾਨੀ ਮਨ ਉਹਨਾਂ ਨੂੰ ਵੇਖਕੇ ਵਿਆਕੁਲ ਹੋ ਜਾਂਦਾ ਹੈ। ਹਮਾਸ ਨੇ ਯਹੂਦੀ ਸਮਾਗਮ ਉਪਰ ਹਮਲਾ ਕਰਕੇ ਲਗਪਗ 1400 ਲੋਕ ਮਾਰ ਮੁਕਾਏ ਸਨ ਪਰ ਹੁਣ ਇਜ਼ਰਾਈਲੀ ਕਾਰਵਾਈ ਵਿਚ 10,000 ਤੋਂ ਉਪਰ ਲੋਕ ਮਾਰੇ ਜਾ ਚੁੱਕੇ ਹਨ। ਇਹਨਾਂ ਵਿਚ ਅੱਧੀ ਗਿਣਤੀ ਬੱਚਿਆਂ ਤੇ ਔਰਤਾਂ ਦੀ ਹੈ। ਜ਼ਖਮੀਂ ਮਾਵਾਂ ਦੀਆਂ ਛਾਤੀਆਂ ਉਪਰ ਪਏ ਤੇ ਜ਼ਖਮਾਂ ਨਾਲ ਕਰਾਹ ਰਹੇ ਬੱਚਿਆਂ ਦੀਆਂ ਤਸਵੀਰਾਂ ਤੇ ਵੀਡੀਓ ਵੇਖਦਿਆਂ ਦਿਲ ਦਹਿਲ ਜਾਂਦਾ ਹੈ ਪਰ ਜੰਗਬਾਜ਼ ਹਨ ਕਿ ਉਹ ਹਮਾਸ ਦੇ ਸਫਾਏ ਤੱਕ ਇਹ ਸਭ ਜਾਰੀ ਰੱਖਣ ਦੇ ਬਿਆਨ ਦਾਗ ਰਹੇ ਹਨ। ਹਮਾਸ ਅਤਵਾਦੀਆਂ ਨੂੰ ਗੋਲੀ ਬਦਲੇ ਗੋਲੀ ਦਾ ਜਵਾਬ ਦਿੰਦਿਆਂ ਨਿਰਦੋਸ਼ ਲੋਕਾਂ ਤੇ ਬੱਚਿਆਂ ਨੂੰ ਨਿਸ਼ਾਨਾ ਬਣਾਇਆ ਜਾਣਾ ਕਿਸੇ ਵੀ ਜੰਗ ਦੀ ਨੀਤੀ ਦਾ ਹਿੱਸਾ ਨਹੀ ਹੁੰਦਾ। ਕਿਸੇ ਵੀ ਜੰਗ ਵਿਚ ਔਰਤਾਂ ਤੇ ਬੱਚਿਆਂ ਦੇ ਬਚਾਅ ਨੂੰ ਸਭ ਤੋਂ ਅਹਿਮ ਤੇ ਪਹਿਲਾ ਕੰਮ ਮੰਨਿਆ ਜਾਂਦਾ ਹੈ ਪਰ ਇਜ਼ਰਾਈਲ-ਹਮਾਸ ਜੰਗ ਦੌਰਾਨ ਜੋ ਵਾਪਰ ਰਿਹਾ ਹੈ, ਉਸ ਨੇ ਇਜ਼ਰਾਈਲ ਖਿਲਾਫ ਰੋਸ ਤੇ ਨਫਰਤ ਪੈਦਾ ਕਰ ਦਿੱਤੀ ਹੈ। ਪਰ ਇਸ ਨਫਰਤ ਦਾ ਸ਼ਿਕਾਰ ਜੇਕਰ ਕੋਈ ਨਿਰਦੋਸ਼ ਯਹੂਦੀ ਜਾਂ ਕੋਈ ਯਹੂਦੀ ਸੰਸਥਾ ਬਣਦੀ ਹੈ ਤਾਂ ਇਹ ਪੂਰੀ ਮਾਨੁਖਤਾ ਲਈ ਸ਼ਰਮਸ਼ਾਰੀ ਵਾਲੀ ਗੱਲ ਹੈ। ਹਮਾਸ ਦੇ ਹਮਾਇਤੀ ਮੁਲਕ ਅਤੇ ਲੋਕ ਉਹਨਾਂ ਦੀ ਜੰਗ ਨੂੰ ਜੇ ਜਾਇਜ਼ ਠਹਿਰਾਉਂਦੇ ਹਨ ਤਾਂ ਹਮਾਸ ਵਲੋਂ ਨਿਰਦੋਸ਼ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾਣ ਦੀ ਵੀ ਨਿੰਦਾ ਕਰਨੀ ਬਣਦੀ ਹੈ। ਇਹ ਕਿਸੇ ਵੀ ਤਰਾਂ ਉਚਿਤ ਨਹੀ ਕਿ ਉਹ ਆਪਣੀ ਜੰਗ ਵਿਚ ਔਰਤਾਂ ਤੇ ਬੱਚਿਆਂ ਨੂੰ ਢਾਲ ਵਜੋ ਵਰਤਦੇ ਹੋਏ ਹਸਪਤਾਲਾਂ ਨੂੰ ਮੋਰਚਿਆਂ ਵਾਂਗ ਇਸਤੇਮਾਲ ਕਰਨ। ਦੁਨੀਆ ਦੇ ਇਤਿਹਾਸ ਪਹਿਲਾਂ ਵੀ ਇਹ ਬਹੁਤ ਵਾਰ ਵਾਪਰ ਚੁੱਕਾ ਹੈ ਕਿ ਜਦੋਂ ਅਤਵਾਦੀ ਤਾਕਤਾਂ ਆਪਣੇ ਹੱਕਾਂ ਦੀ ਲੜਾਈ ਨੂੰ ਸਵਾਬ ਦਾ ਕੰਮ ਐਲਾਨਦਿਆਂ ਧਾਰਮਿਕ ਸਥਾਨਾਂ ਦੀ ਦੁਰਵਰਤੋਂ ਕਰਦੀਆਂ ਰਹੀਆਂ ਹਨ। ਪਰ ਇਸਦਾ ਇਹ ਅਰਥ ਨਹੀ ਕਿ ਅਤਿਵਾਦੀਆਂ ਖਿਲਾਫ ਕਾਰਵਾਈ ਦੇ ਨਾਮ ਹੇਠ ਸਰਕਾਰੀ ਫੌਜਾਂ ਟੈਂਕਾਂ ਤੋਪਾਂ ਸਮੇਤ ਧਾਰਮਿਕ ਸਥਾਨਾਂ ਨੂੰ ਨੁਕਸਾਨ ਪਹੁੰਚਾਉਣ ਜਾ ਬੇਹੁਰਮਤੀ ਕਰਨ। ਸਰਕਾਰਾਂ ਵਲੋਂ ਕੀਤੀ ਜਾਣ ਵਾਲੀ ਕਿਸੇ ਵੀ ਕਾਰਵਾਈ ਵਿਚ ਅਤਵਾਦੀ ਕਾਰਵਾਈ ਨਾਲੋਂ ਫਰਕ ਹੋਣਾ ਲਾਜ਼ਮੀ ਹੈ। ਜੇ ਕੋਈ ਸਰਕਾਰ ਵੀ ਅੱਤਵਾਦ ਖਿਲਾਫ ਲੜਾਈ ਲੜਦਿਆਂ ਅਤਵਾਦੀਆਂ ਵਰਗੀ ਹੀ ਯੁਧਨੀਤੀ ਅਪਨਾਉਣ ਲੱਗੇ ਤਾਂ ਲੋਕਾਂ ਤੇ ਜਮਹੂਰੀ ਢੰਗ ਨਾਲ ਚੁਣੀਆਂ ਸੰਸਥਾਵਾਂ ਦਾ ਕੀ ਅਰਥ।



ਇਜਰਾਈਲ- ਹਮਾਸ ਜੰਗ ਨੂੰ ਮਹੀਨੇ ਤੋਂ ਉਪਰ ਦਾ ਸਮਾਂ ਹੋ ਗਿਆ ਹੈ। ਤਬਾਹੀ ਤੇ ਕੋਹਰਾਮ ਦਾ ਮੰਜ਼ਰ ਵਿਚਲਤ ਕਰ ਰਿਹਾ ਹੈ। ਇਸ ਜੰਗ ਦੇ ਖਿਲਾਫ ਰੋਸ ਪ੍ਰਦਰਸ਼ਨਾਂ ਦੇ ਨਾਲ ਜੰਗਬੰਦੀ ਦੀ ਆਵਾਜ਼ ਵੀ ਬੁਲੰਦ ਹੋਣ ਲੱਗੀ ਹੈ। ਪਿਛਲੇ ਦਿਨੀ ਕੈਨੇਡੀਅਨ ਪ੍ਰਧਾਨ ਮੰਤਰੀ ਵਲੋਂ ਫਲਸਤੀਨੀ ਸਮੱਸਿਆ ਦੇ ਹੱਲ ਲਈ ਦੋ ਮੁਲਕਾਂ ਨੂੰ ਸਵੀਕ੍ਰਿਤੀ ਦਿੱਤੇ ਜਾਣ ਦੀ ਗੱਲ ਕਰਦਿਆਂ, ਇਸ ਜੰਗ ਕਾਰਣ ਫੈਲ ਰਹੀ ਨਸਲੀ ਨਫਰਤ ਉਪਰ ਚਿੰਤਾ ਪ੍ਰਗਟ ਕੀਤੀ ਗਈ ਹੈ। ਪ੍ਰਧਾਨ ਮੰਤਰੀ ਲਈ ਇਹ ਮੌਕਾ ਹੈ ਕਿ ਉਹ ਕੈਨੇਡਾ ਦੀ ਮਾਨਵੀ ਹੱਕਾਂ ਦੇ ਅਲੰਬਰਦਾਰ ਵਜੋਂ ਪਹਿਚਾਣ ਦੀ ਸਥਾਪਤੀ ਨੂੰ ਪਕੇਰਾ ਕਰਦਿਆਂ ਜੰਗਬੰਦੀ ਦੀਆਂ ਕੋਸ਼ਿਸ਼ਾਂ ਨੂੰ ਅੱਗੇ ਵਧਾਉਣ।

ਕੈਨੇਡਾ ਦੇ ਪ੍ਰਸਿਧ ਅਖਬਾਰ "ਗਲੋਬ ਐਂਡ ਮੇਲ" ਨੇ ਆਪਣੀ ਇਕ ਸੰਪਾਦਕੀ ਵਿਚ ਸਪੱਸ਼ਟ ਲਿਖਿਆ ਹੈ ਕਿ ਫਲਸਤੀਨੀ ਨਾਗਰਿਕ ਇਜ਼ਰਾਈਲੀ ਫੌਜਾਂ ਦੀ ਲਗਾਤਾਰ ਕਾਰਵਾਈ ਕਾਰਣ ਬੇਮਿਸਾਲ ਦੁੱਖ ਝੱਲ ਰਹੇ ਹਨ। ਤਬਾਹੀ ਦੇ ਹਾਲਾਤ ਦਿਨੋਂ ਦਿਨ ਵਿਗੜ ਰਹੇ ਹਨ ਤੇ ਇਸਦਾ ਅੰਤ ਨਜ਼ਰ ਨਹੀਂ ਆ ਰਿਹਾ ਹੈ, ਅੱਜ ਕੈਨੇਡਾ ਕੋਲ ਬੇਕਸੂਰਾਂ ਦੀ ਰੱਖਿਆ ਕਰਨ ਦਾ ਇਕ ਮੌਕਾ ਹੈ ਤੇ ਉਸਦਾ ਇਹ ਫਰਜ਼ ਵੀ ਹੈ।

ਐਮਨੈਸਟੀ ਇੰਟਰਨੈਸ਼ਨਲ ਨੇ ਇਜਰਾਈਲੀ ਕਾਰਵਾਈ ਨੂੰ ਯੁੱਧ ਅਪਰਾਧ ਦੇ ਘਿਨਾਉਣੇ ਸਬੂਤ ਵਜੋਂ ਚਿਤ੍ਰਿਤ ਕੀਤਾ ਹੈ। ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਨੇ ਜੰਗ ਦੀ ਸਥਿਤੀ ਉਪਰ ਚਿੰਤਾ ਪ੍ਰਗਟ ਕਰਦਿਆਂ ਸ਼ਰਨਾਰਥੀ ਕੈਂਪਾਂ ਅਤੇ ਐਂਬੂਲੈਂਸਾਂ ਨੂੰ ਨਿਸ਼ਾਨਾ ਬਣਾਏ ਜਾਣ ਦੀ ਨਿੰਦਾ ਕੀਤੀ ਹੈ। ਰੈੱਡ ਕਰਾਸ ਦੀ ਅੰਤਰਰਾਸ਼ਟਰੀ ਕਮੇਟੀ ਦੇ ਵਿਚਾਰ ਵਿੱਚ, "ਇਸਰਾਈਲੀ ਅਧਿਕਾਰੀਆਂ ਦੁਆਰਾ ਗਾਜ਼ਾ ਸ਼ਹਿਰ ਦੀ ਆਬਾਦੀ ਨੂੰ ਤੁਰੰਤ ਆਪਣੇ ਘਰ ਛੱਡਣ ਲਈ ਜਾਰੀ ਕੀਤੇ ਗਏ ਨਿਰਦੇਸ਼, ਪੂਰੀ ਘੇਰਾਬੰਦੀ ਦੇ ਨਾਲ ਉਨ੍ਹਾਂ ਨੂੰ ਭੋਜਨ, ਪਾਣੀ ਅਤੇ ਬਿਜਲੀ ਬੰਦ ਕਰਨ ਦੇ ਹੁਕਮ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਦੀ ਉਲੰਘਣਾ ਹੈ। ਅਜਿਹੀ ਸਥਿਤੀ ਵਿਚ ਕੈਨੇਡਾ ਵਲੋਂ ਉੱਚੀ ਆਵਾਜ਼ ਵਿੱਚ ਵਿਰੋਧ ਕਰਨਾ ਚਾਹੀਦਾ ਹੈ।ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਨੂੰ ਬਰਕਰਾਰ ਰੱਖਣਾ ਅਤੇ ਨਾਗਰਿਕਾਂ ਦੀ ਸੁਰੱਖਿਆ ਲਈ ਦ੍ਰਿੜਤਾ ਨਾਲ ਖੜੇ ਹੋਣਾ ਕੇਵਲ ਵਿਕਲਪ ਨਹੀਂ ਇੱਕ ਵੱਡੀ ਜ਼ਿੰਮੇਵਾਰੀ ਹੈ ਜੋ ਇੱਕ ਰਾਸ਼ਟਰ ਵਜੋਂ ਕੈਨੇਡਾ ਦੇ ਚਰਿੱਤਰ ਨੂੰ ਪਰਿਭਾਸ਼ਤ ਕਰਦੀ ਹੈ। ਇਸ ਨਾਜ਼ੁਕ ਸਮੇਂ ਵਿੱਚ, ਕੈਨੇਡਾ ਨੂੰ ਨਿਰਦੋਸ਼ ਫਲਸਤੀਨੀਆਂ ਦੇ ਦੁਖ ਵਿਚ ਭਾਈਵਾਲ ਬਣਨ ਅਤੇ ਉਹਨਾਂ ਦੇ ਮਾਨਵੀ ਅਧਿਕਾਰਾਂ ਦੀ ਰੱਖਿਆ ਲਈ ਕੁਝ ਠੋਸ ਕਰਨ ਦੀ ਲੋੜ ਹੈ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart & Stroke

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE
TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ‘ਅਗਰ ਬਾਤ ਕਹਿਤਾ ਹੂੰ ਤੋਂ ਕਤਾ ਹੋਤੀ ਹੈ, ਨਹੀਂ ਕਹਿਤਾ ਤੋਂ ਮੇਰੀ ‘ਨਾਨਕ’ ਸੇ ਕਤਾ ਹੋਤੀ ਹੈ’ !

‘ਅਗਰ ਬਾਤ ਕਹਿਤਾ ਹੂੰ ਤੋਂ ਕਤਾ ਹੋਤੀ ਹੈ,
ਨਹੀਂ ਕਹਿਤਾ ਤੋਂ ਮੇਰੀ ‘ਨਾਨਕ’ ਸੇ ਕਤਾ ਹੋਤੀ ਹੈ’!

**ਸੋਸਾਇਟੀ ਮੈਂਬਰ ਜੀਓ !**

ਪ੍ਰੈਸ ਕਾਨਫਰੰਸ ਤੋਂ ਬਾਅਦ ਸੋਸਾਇਟੀ ਦੇ ਮੁੱਖ ਪ੍ਰਬੰਧਕਾਂ ਵੱਲੋਂ ਖੇਡੀ ਗਈ ‘ਸਿਆਸੀ ਬਦਲਾਖੋਰੀ’ ਦੀ ਖੇਡ।

ਗੁਰਦੁਆਰਾ ਬਰੁਕਸਾਈਡ ਸਾਹਿਬ ਦੀ ਮੈਨੇਜਮੈਂਟ ਨੇ ਗੁਰਦੁਆਰਾ ਸਾਹਿਬ ਦੀ ਕੰਧ ‘ਤੇ ਇਹ ਨਵਾਂ “ਸਾਈਨ ਬੋਰਡ“ ਲਗਾਇਆ ਹੈ ਜਿਸ ਵਿੱਚ ਲਿਖਿਆ ਹੈ ਕਿ ਹੇਠ ਲਿਖੇ ਆਧਾਰਾਂ ‘ਤੇ ਇਸ ਦੀ ਸਖ਼ਤ ਮਨਾਹੀ ਹੈ

**#1 ਸੋਸਾਇਟੀ ਦੇ ਸੰਵਿਧਾਨ ਦੇ ਨਿਯਮਾਂ ਅਤੇ ਉਪ-ਨਿਯਮਾਂ ਦੀ ਉਲੰਘਣਾ ਕਰਨਾ ਸਖਤੀ ਨਾਲ ਮਨਾ ਹੈ।**

ਕੀ ਇਹ ਨਿਯਮ ਸੋਸਾਇਟੀ ਦੀ ਮੈਨੇਜਮੈਂਟ ਤੇ ਲਾਗੂ ਨਹੀਂ ਹੁੰਦਾ ਹੈ? ਕੀ ਪ੍ਰਧਾਨ-ਟਰੱਸਟੀ ਚੇਅਰਮੈਨ ਇਨ੍ਹਾਂ ਨਿਯਮਾਂ ਦੀ ਪਾਲਣਾ ਕਰ ਰਹੇ ਹਨ? ਕੀ ਇਹ ਸਾਈਨ ਬੋਰਡ ਗੁਰਦੁਆਰੇ ਦੀ ਕੰਧ ‘ਤੇ ਸਿਰਫ਼ ਸੰਗਤ ਲਈ ਹੀ ਲਿਖਿਆ ਗਿਆ ਹੈ? ਇਸ ਦਾ ਅੰਦਾਜ਼ਾ ਤੁਸੀਂ ਇਸ ਪੂਰੀ ਰਿਪੋਰਟ ਨੂੰ ਪੜ੍ਹ ਕੇ ਲਗਾ ਸਕਦੇ ਹੋ ਪਰ ਇਸਤੋਂ ਪਹਿਲੋਂ ਜ਼ਿਕਰ ਕਰਦੇ ਹਾਂ ਇਹਨਾਂ ਪ੍ਰਧਾਨਾਂ ਵਲੋਂ ‘ਸਿਆਸੀ ਬਦਲਾਖੋਰੀ’ (Political Vendetta) ਦੀ ਖੇਡੀ ਗਈ ਖੇਡ ਦਾ। ਮਜੂਦਾ ਪ੍ਰਧਾਨ,ਸਕੱਤਰ (ਜਿਸਦੀ ਆਪਣੀ ਮੈਂਬਰਸ਼ਿਪ ਗੈਰ-ਸੰਵਿਧਾਨਕ ਹੈ ) ਅਤੇ ਸਾਬਕਾ ਪ੍ਰਧਾਨ ਸੁਰਿੰਦਰ ਜੱਬਲ ਨੇ ਸਿਆਸੀ ਬਦਲਾਖੋਰੀ ਦੀ ਭਾਵਨਾ ਨੂੰ ਹਥਿਆਰ ਵਜੋਂ ਵਰਤਦਿਆਂ ਸੁਸਾਇਟੀ ਦੇ ਇਕ ਮੈਂਬਰ ਦੀ ਲਾਈਫ ਮੈਂਬਰਸ਼ਿਪ ਇਹ ਕਹਿਕੇ ਰੱਦ ਕਰ ਦਿਤੀ ਹੈ ਕੇ ਉਸਦੀ ਮੈਂਬਰਸ਼ਿਪ ਦਾ ਸੋਸਾਇਟੀ ਕੋਲ ਕੋਈ ਰਿਕਾਰਡ ਨਹੀਂ ਹੈ।

ਇਸ ਧਮਕੀ ਦੇ ਦੋ ਹੀ ਕਾਰਨ ਜਾਪਦੇ ਹਨ।

1) ਇਸ ਮੈਂਬਰ ਨੇ ਜਸਵੰਤ ਸੱਗੂ ਅਤੇ ਮਨਜੀਤ ਪਨੇਸਰ ਵੱਲੋਂ ਬੁਲਾਈ ਗਈ ਪ੍ਰੈਸ ਕਾਨਫਰੰਸ ਵਿੱਚ ਸ਼ਿਰਕਤ ਕੀਤੀ।
2) ਇਹ ਮੈਂਬਰ ਜਸਵੰਤ ਸੱਗੂ ਦਾ ਰਿਸ਼ਤੇਦਾਰ ਹੈ। ਜਦਕਿ ਜਸਵੰਤ ਸੱਗੂ ਦੀ ਮੈਂਬਰਸ਼ਿਪ ਵੀ ਕਮੇਟੀ ਵਲੋਂ ਗੈਰ-ਕਨੂੰਨੀ,ਗੈਰ-ਸੰਵਿਧਾਨਿਕ ਟਰਮੀਨੇਟ ਕਰਕੇ ਉਸ ਨਾਲ ਵੀ ਬੇਇਨਸਾਫ਼ੀ ਕੀਤੀ ਹੈ। ਇਸ ਟਰਮੀਨੇਸ਼ਨ ਲੈਟਰ ਤੇ ਮਜੂਦਾ ਪ੍ਰਧਾਨ ਧਰਮ ਸਿੰਘ ਦੇ ਦਸਤਖਤ ਵੀ ਹਨ।

ਇਥੇ ਇਹ ਦਸਣਾ ਜਰੂਰੀ ਹੈ ਕੇ ਇਸ ਮੈਂਬਰ ਨੇ 1998-2001 ‘ਚ ਖਜਾਨਚੀ ਦੀ ਸੇਵਾ ਵੀ ਨਿਭਾਈ ਹੈ। ਉਸਨੇ 2017-18 ਦੀਆਂ ਚੋਣਾਂ ਵਿੱਚ ਆਪਣੀ ਵੋਟ ਵੀ ਪਾਈ ਸੀ ਅਤੇ ਉਸਦਾ ਨਾਮ ਉਸ ਸਮੇਂ ਦੀ ਵੋਟਿੰਗ ਸੂਚੀ ਵਿੱਚ ਵੀ ਦਰਜ ਹੈ। ਇਸ ਇਲੈਕਸ਼ਨ (2017-18) ਵਿਚ ਮਨਜੀਤ ਪਨੇਸਰ ਦੀ ਸਲੇਟ ਵਲੋਂ ਪੜਤਾਲ ਕਰਨ ਵਾਲੇ (Scrutineers) ਵੀ ਥਾਪੇ ਗਏ ਸੀ।

1) ਕੀ ਇਹ ਸਾਰੇ ਸਬੂਤ ਉਸ ਦੀ ਲਾਈਫ ਮੈਂਬਰਸ਼ਿਪ ਸਾਬਤ ਕਰਨ ਲਈ ਕਾਫੀ ਨਹੀਂ ਹਨ?
2) ਕੀ ਕਮੇਟੀ ਕੋਲ ਇਹ ਸਾਰੇ ਦਸਤਾਵੇਜ਼ ਨਹੀਂ ਹਨ ਹਨ ?
3) ਕੀ 2018 ਤਕ ਇਹ ਰਿਕਾਰਡ ਮਜੂਦ ਸੀ ? 4)ਕਮੇਟੀ ਨੂੰ ਹੁਣ ਇਸਦਾ ਰਿਕਾਰਡ ਕਿਓਂ ਨਹੀਂ ਮਿਲ ਰਿਹਾ?
5) ਕਮੇਟੀ ਵਲੋਂ ਮੀਟਿੰਗਾਂ ਦੇ ਕਈ ਮਿਨਟਸ ਵੀ ਗੁੰਮ ਕੀਤੇ ਜਾ ਚੁਕੇ ਹਨ।

ਸੁਸਾਇਟੀ ਦੇ ਰਿਕਾਰਡ ਦੀ ਸਾਂਭ-ਸੰਭਾਲ ਨਾ ਕਰਨ ਲਈ ਸੋਸਾਇਟੀ ਖੁਦ ਜ਼ਿੰਮੇਵਾਰ ਹੈ। ਕੀ ਪ੍ਰਧਾਨ ਕਿਸੇ ਵੀ ਮੈਂਬਰ ਦੀ ਮੈਂਬਰਸ਼ਿਪ ਇਹ ਕਹਿਕੇ ਰੱਦ ਕਰ ਸਕਦਾ ਹੈ ਕਿ ਉਸਦਾ ਰਿਕਾਰਡ ਉਪਲਬਧ ਨਹੀਂ ਹੈ? ਇਹ ਪ੍ਰਧਾਨ, ਸਕੱਤਰ ਅਤੇ ਸਾਬਕਾ ਪ੍ਰਧਾਨ ਦੁਆਰਾ “ਸਿਆਸੀ ਬਦਲਾਖੋਰੀ ਦੀ ਖੇਡ“ ਹੈ।

**25 ਮਈ,2023 ਪ੍ਰੈਸ ਕਾਨਫਰੰਸ !**

**ਮੁੱਦਾ** : ਇਸ ਪ੍ਰੈਸ ਕਾਨਫਰੰਸ ‘ਚ ਗਿਆਨੀ ਜੀ(ਗ੍ਰੰਥੀ) ਦੀ ਤਨਖਾਹ,ਸੁਰਿੰਦਰ ਜੱਬਲ ਵਲੋਂ ਆਪਣੇ ਮਿੱਤਰ ਨੂੰ £10,000.00 ਦੀ ਡੋਨੇਸ਼ਨ ਦੇਣਾ,ਜਸਵੰਤ ਸੱਗੂ ਦੀ ਮੈਂਬਰਸ਼ਿਪ ਟਰਮੀਨੇਸ਼ਨ ਅਤੇ ਕੁਝ ਮੈਂਬਰਾਂ ਦੀ ਲਾਈਫ਼ ਮੈਂਬਰਸ਼ਿਪ ਦਾ ਮੁੱਦਾ ਉਠਾਇਆ ਗਿਆ ਸੀ। ਪ੍ਰੈਸ ਕਾਨਫਰੰਸ ਤੋਂ ਬਾਅਦ ਪੰਜਾਬੀ ਅਖ਼ਬਾਰ ‘ਪੰਜਾਬ ਲਿੰਕ’ ਵਿੱਚ ਸੁਸਾਇਟੀ ਦੇ ਸਾਬਕਾ ਪ੍ਰਧਾਨ ਸੁਰਿੰਦਰ ਜੱਬਲ ਨੇ ਗ੍ਰੰਥੀ ਦੀ ਤਨਖ਼ਾਹ ਬਾਵਤ ਇਹ ਸਪਸ਼ਟ ਕੀਤਾ ਹੈ ਕਿ ‘ਕੋਵਿਡ ਮਹਾਂਮਾਰੀ ਦੌਰਾਨ ਗ੍ਰੰਥੀ ਸਿੰਘ ਵਲੋਂ ਸਤੋ ਦਿਨ ਬੇਹਤਰੀਨ ਸੇਵਾਵਾਂ ਨਿਭਾਉਣ ਵਾਸਤੇ ਹੀ ਤਨਖ਼ਾਹ ਕਮੇਟੀ ਮੈਂਬਰਾਂ ਦੀ ਸਲਾਹ ਨਾਲ ਵਧਾਈ ਗਈ ਹੈ।

**ਸੱਚ ਕੀ ਹੈ?** ਅਸੀਂ ਇਸ ਸਬੰਧ ਵਿਚ ਆਪਣਾ ਪ੍ਰਤੀਕਰਮ ਅਤੇ ਸਪਸ਼ਟੀਕਰਨ ਦੇਣਾ ਜ਼ਰੂਰੀ ਸਮਝਦੇ ਹਾਂ ਤਾਂ ਜੋ ਮੈਂਬਰਾਂ ਨੂੰ ਅਸਲ ਸੱਚਾਈ ਦਾ ਪਤਾ ਲੱਗ ਸਕੇ।

**‘ਗਿਆਨੀ ਜੀ ਦੀ ਤਨਖਾਹ ਦਾ ਮੁੱਦਾ ਕੀ ਹੈ’?**

ਮੌਜੂਦਾ ਪ੍ਰਧਾਨ ਧਰਮ ਸਿੰਘ ਪਨੇਸਰ ਅਤੇ ਖਜ਼ਾਨਚੀ ਵਿਜੇ ਧੀਮਾਨ ਦੀ ਸਾਡੇ ਨਾਲ ਹੋਈ ਮੀਟਿੰਗ (ਸਤੰਵਰ, 2022) ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਨੂੰ ਗਿਆਨੀ ਜੀ (ਗ੍ਰੰਥੀ) ਦੀ ਤਨਖ਼ਾਹ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਗਿਆਨੀ ਜੀ ਦੀ ਤਨਖ਼ਾਹ ਕਿੰਨੀ ਅਤੇ ਕਦੋਂ ਵਧਾਈ ਗਈ ਹੈ। ਸਾਨੂੰ ਸਿਰਫ ਇਹ ਜਾਣਕਾਰੀ ਹੈ ਕੇ ਗਿਆਨੀ ਜੀ ਆਪਣੀ ਤਨਖਾਹ ਵਿਚੋਂ ਲਗਭਗ £2500 ਦੀ ਨਕਦ ਰਾਸ਼ੀ ਹਰ ਮਹੀਨੇ ਜੱਬਲ ਨੂੰ ਮੋੜਦੇ ਰਹੇ ਹਨ।

ਜੱਬਲ ਵਲੋਂ ਇਹ ਪੈਸੇ ਕਿਸ ਅਕਾਊਂਟ ਵਿਚ ਜਮਾਂ ਕੀਤੇ ਗਏ ਹਨ, ਇਸ ਵਾਰੇ ਵੀ ਸਾਨੂ ਕੋਈ ਜਾਣਕਾਰੀ ਨਹੀਂ ਹੈ ਅਤੇ ਨਾਂ ਹੀ ਜੱਬਲ ਨੇ ਕਦੇ ਇਸ ਵਾਰੇ ਕਮੇਟੀ ਨੂੰ ਦਸਿਆ ਹੀ ਹੈ। ਧਰਮ ਸਿੰਘ ਅਤੇ ਵਿਜੇ ਧੀਮਾਨ ਉਸ ਸਮੇਂ (2018-21) ਸੀਨੀਅਰ ਮੀਤ ਪ੍ਰਧਾਨ ਰਹਿ ਚੁਕੇ ਸਨ।

ਮਜੂਦਾ ਪ੍ਰਧਾਨ ਧਰਮ ਸਿੰਘ ਅਤੇ ਖਜ਼ਾਨਚੀ ਵਿਜੈ ਧੀਮਾਨ ਨੇ ਇਹ ਵੀ ਦਸਿਆ ਕਿ ਗਿਆਨੀ ਜੀ 2022 ਤੋਂ ਮੌਜੂਦਾ ਕਮੇਟੀ ਨੂੰ ਵੀ ਇਹ ਨਕਦ ਰਾਸ਼ੀ ਮੋੜਦੇ ਆ ਰਹੇ ਹਨ। ਜਿਸ ਦਾ ਸਾਰਾ ਵੇਰਵਾ,ਹਿਸਾਬ ਮਜੂਦਾ ਕਮੇਟੀ ਕੋਲ ਹੈ। ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਮਜੂਦਾ ਕਮੇਟੀ ਕੋਲ ਸਾਰੇ ਖਾਤੇ ਹਨ ਤਾਂ ਸਾਬਕਾ ਪ੍ਰਧਾਨ ਜੱਬਲ ਕੋਲ ਕਿਉਂ ਨਹੀਂ ਹਨ? ਇਹ ਜਾਂਚ ਦਾ ਵਿਸ਼ਾ ਹੈ।

ਸੁਰਿੰਦਰ ਜਬਲ ਨੇ ਗ੍ਰੰਥੀ ਜੀ ਦੀ ਤਨਖਾਹ ਵਾਰੇ ‘ਪੰਜਾਬ ਲਿੰਕ’ ਪੇਪਰ ਨੂੰ ਸਪਸ਼ਟ ਦਸਿਆ ਕੇ ਗਿਆਨੀ ਜੀ ਦੀ ਤਨਖਾਹ ਕਮੇਟੀ ਦੀ ਰਜਾਮੰਦੀ ਨਾਲ ਇਸ ਕਰਕੇ ਵਧਾਈ ਗਈ ਸੀ ਕੇ ਗ੍ਰੰਥੀ ਜੀ ਵਲੋਂ ਕੋਵਿਡ ਸਮੇਂ ਸਤੋ ਦਿਨ ਬੇਹਤਰੀਨ ਸੇਵਾਵਾਂ ਨਿਭਾਉਣ ਵਾਸਤੇ ਉਸਦੀ ਤਨਖਾਹ ਵਿਚ ਵਾਧਾ ਕਮੇਟੀ ਦੀ ਸਲਾਹ ਨਾਲ ਕੀਤਾ ਗਿਆ ਸੀ।

ਪਰ ਇਹ ਸੱਚ ਨਹੀਂ ਹੈ,ਪ੍ਰਧਾਨ ਜੱਬਲ ਨੇ ਗਿਆਨੀ ਜੀ ਨੂੰ ਪੀ.ਆਰ. ਦਾ ਲਾਲਚ ਦੇਕੇ ਉਸਦੀ ਅਰਜੀ ਲਾਈ ਗਈ ਅਤੇ ਇਮੀਗ੍ਰੇਸ਼ਨ ਦਫ਼ਤਰ ਵਲੋਂ ਤਨਖਾਹ ਦੀਆਂ ਸ਼ਰਤਾਂ ਨੂੰ ਪੂਰੀਆਂ ਕਰਦੇ ਹੋਏ ਗਿਆਨੀ ਜੀ ਦੀ ਤਨਖਾਹ ਵਿਚ ਵਾਧਾ ਕੀਤਾ ਹੈ।ਗਿਆਨੀ ਜੀ ਦੀ ਤਨਖਾਹ ਸੋਸਾਇਟੀ ਦੇ ਖਾਤੇ ਦੇ ਹਿਸਾਬ ਨਾਲ 2018 ਤੋਂ ਵਧਾ ਦਿੱਤੀ ਗਈ ਸੀ ਨਾ ਕੇ ਕੋਵਿਡ ਮਹਾਂਮਾਰੀ ਸਮੇ। ਯਾਦ ਰਹੇ, ਬੀ.ਸੀ ਵਿੱਚ ਕੋਵਿਡ ਮਹਾਂਮਾਰੀ ਦਾ ਫਰਵਰੀ, 2020 ‘ਚ ਐਲਾਨ ਕੀਤਾ ਗਿਆ ਸੀ। ਪਰ ਕਮੇਟੀ ਦੀ ਕਿਸੇ ਵੀ ਮੀਟਿੰਗ ਏਜੰਡੇ ਜਾਂ ਮੀਟਿੰਗ ਮਿਟਸ ਵਿੱਚ ਗਿਆਨੀ ਜੀ ਦੀ ਤਨਖਾਹ ਚ ਵਾਧਾ ਕਰਨੇ ਵਾਰੇ ਕੋਈ ਜ਼ਿਕਰ ਨਹੀਂ ਮਿਲਦਾ ਹੈ।

ਪ੍ਰਧਾਨ ਧਰਮ ਸਿੰਘ ਅਨੁਸਾਰ,ਗਿਆਨੀ ਜੀ ਜੱਬਲ ਨੂੰ ਆਪਣੀ ਪੂਰੀ ਤਨਖਾਹ ਵਿਚੋਂ ਲਗਭਗ £2500 ਨਕਦ ਰਾਸ਼ੀ ਮੋੜ ਦਿੰਦੇ ਸਨ। ਯਾਨੀ ਕੁਲ ਜੋੜ ਕਰੀਏ ਤਾਂ ਇਹ 2021 ਤਕ ਲਗਭਗ £100.000.00 ਦੀ ਰਕਮ ਬਣਦੀ ਹੈ। ਇਹ ਸਾਰਾ ਪੈਸਾ ਕਿਸ ਖਾਤੇ ਵਿੱਚ ਜਮ੍ਹਾ ਹੈ? ਪ੍ਰਧਾਨ ਅਤੇ ਟਰੱਸਟੀ ਚੇਅਰਮੈਨ ਨੂੰ ਇਸਦੀ ਜਾਂਚ ਲਈ ਪੱਤਰ ਵੀ ਲਿਖੇ ਜਿਸ ਵਾਰੇ ਜੱਬਲ, ਟਰੱਸਟੀ ਅਤੇ ਕਮੇਟੀ ਚੁੱਪ ਹਨ ? ਸੋਸਾਇਟੀ ਮੈਂਬਰ ਜਾਣਨਾ ਚਾਹੁੰਦੇ ਹਨ ਕੇ ਇਹ ਨਕਦ ਰਾਸ਼ੀ ਲਗਭਗ £100,000 ਕਿਸ ਬੈਂਕ ਖਾਤੇ ਵਿਚ ਜਮ੍ਹਾ ਹੈ ?

ਜੇ ਗਿਆਨੀ ਜੀ ਨੇ ਸਤੋ ਦਿਨ ਕੰਮ ਕੀਤਾ ਤਾਂ ਜੱਬਲ ਨੇ ਗਿਆਨੀ ਜੀ ਦੀ ਮਿਹਨਤ ਦਾ ਪੈਸਾ ਵਾਪਸ ਕਿਉਂ ਲਿਆ? ਗਿਆਨੀ ਜੀ ਆਪਣੀ ਤਨਖਾਹ ਵਿੱਚੋਂ ਇੰਨਕਮ ਟੈਕਸ ਵੀ ਪੂਰਾ ਦਿੰਦੇ ਰਹੇ। ਇਸਦਾ ਮਤਲਵ ਹੋਇਆ ਕੇ ਗਿਆਨੀ ਜੀ ਉਸ £2500 ਤੇ ਵੀ ਟੈਕਸ ਭਰਦੇ ਰਹੇ ਜੋ ਉਹਨਾਂ ਦਾ ਨਹੀਂ ਸੀ। ਇਹ ਇੱਕ ਤਰਾਂਹ ਦੀ ਧੋਖਾਧੜੀ ਹੈ। ਸੋਸਾਇਟੀ ਇੱਕ ਧਾਰਮਿਕ ਸੰਸਥਾ ਹੈ ਨਾ ਕਿ ਕਿਸੇ ਦਾ ਨਿੱਜੀ ਕਾਰੋਬਾਰ। ਪੰਜ ਸਾਲ ਹੋ ਗਏ ਹਨ ਗਿਆਨੀ ਜੀ ਨੂੰ ਅਜੇ ਤੱਕ PR ਵੀ ਨਹੀਂ ਮਿਲੀ।

Donation to Jaiteg singh Anant

ਸਾਬਕਾ ਪ੍ਰਧਾਨ ਜੱਬਲ ਵਲੋਂ ਆਪਣੇ ਦੋਸਤ ਨੂੰ ਉਸਦੀ ਬੁਕ ਛਪਾਈ ਲਈ £10,000.00 ਦੀ ਡੋਨੇਸ਼ਨ ਕਮੇਟੀ ਦੀ ਪ੍ਰਵਾਨਗੀ ਲਏ ਵਗੈਰ ਦਿਤੀ। ਇਸਦਾ ਜ਼ਿਕਰ ਕਿਸੀ ਵੀ ਮੀਟਿੰਗ ਦੇ ਮਿਨਟਸ ਜਾਂ ਏਜੰਡੇ ਵਿਚ ਨਹੀਂ ਹੈ। ਇਹ £10,000.00 ਦੀ ਡੋਨੇਸ਼ਨ ਲਈ ਜੋ ਚੈੱਕ ਜਾਰੀ ਕੀਤਾ ਗਿਆ ਉਸ ਚੈੱਕ ‘ਤੇ ਦਸਤਖਤ ਵੀ ਸੋਸਾਇਟੀ ਦੇ ਉਪ-ਨਿਯਮਾਂ ਦੇ ਅਧਿਆਇ 11 ਸੈਕਸ਼ਨ 1 (2) ਦੀ ਉਲੰਘਣਾ ਕਰਦੇ ਹੋਏ ਗੈਰ-ਕਾਨੂੰਨੀ ਹਨ। ਇਸ ਚੈਕ ਤੇ ਇਕ ਦਸਤਖਤ ਟਰੱਸਟੀ ਚੇਅਰਮੈਨ ਦੀਪ ਕਲਸੀ ਦੇ ਹਨ ਜੋ ਗੈਰਵਿਧਾਨਕ-ਗੈਰਕਨੂੰਨੀ ਹੈ।

ਇਸ ਪੁਸਤਕ ਦੇ ‘ਕਾਪੀਰਾਈਟ’ ਵੀ ਜੱਬਲ ਦੇ ਨਾਂ ਹਨ, ਜਿਸ ਦੀ ਪੁਸ਼ਟੀ ਪੁਸਤਕ ਦੇ ਲੇਖਕ ਨੇ ਇੱਕ ਪੰਜਾਬੀ ਟੀ.ਵੀ. ਚੈਨਲ ਵਿੱਚ ਕੀਤੀ ਹੈ।ਜੱਬਲ ਨੇ ਕਿਤਾਬ ਦੇ ਪਹਿਲੇ ਪੰਨੇ ‘ਤੇ ਆਪਣੇ ਬਾਰੇ ਇੱਕ ਇਸ਼ਤਿਹਾਰ ਵੀ ਛਾਪਿਆ ਹੈ ਜਿਸ ਵਿੱਚ ਜਬੱਲ ਦੀ ਤਾਰੀਫ਼ ਦੇ ਪੁਲ ਬੰਨ੍ਹੇ ਹੋਏ ਹਨ। ਪੈਸੇ ਸੰਗਤ ਦੇ ਫਾਇਦਾ ਜੱਬਲ ਉਠਾਏ ,ਇਹ ਸਿੱਧੇ ਤੌਰ ‘ਤੇ ਹਿੱਤਾਂ ਦੇ ਟਕਰਾਅ (Conflict of Interest) ਦਾ ਮਾਮਲਾ ਬਣਦਾ ਹੈ। ਸੁਸਾਇਟੀ ਦੇ ਸੰਵਿਧਾਨ ਚੈਪਟਰ 11 ਸੈਕਸ਼ਨ 4 ਅਤੇ ਸੁਸਾਇਟੀ ਐਕਟ ਦੇ ਨਿਯਮ 56 ਦੇ ਅਨੁਸਾਰ, ਸੁਸਾਇਟੀ ਐਕਟ ਦੇ ਨਿਯਮ 56-57 ਅਨੁਸਾਰ ਇਹ ਸਾਰਾ ਪੈਸਾ ਸੋਸਾਇਟੀ ਨੂੰ ਵਿਆਜ ਸਮੇਤ ਜੱਬਲ ਤੋਂ ਵਾਪਸ ਲੈਣਾ ਚਾਹੀਦਾ ਹੈ।

ਮੈਂਬਰਾਂ ਦੀਆਂ ਸ਼ਿਕਾਇਤਾਂ ਦੇ ਬਾਵਜੂਦ ਸੋਸਾਇਟੀ ਜੱਬਲ ‘ਤੇ ਕੋਈ ਕਾਰਵਾਈ ਜਾਂ ਜਾਂਚ ਨਹੀਂ ਕਰ ਰਹੀ ਇਸਤੇ ਕਮੇਟੀ ਬਿਲਕੁਲ ਚੁੱਪ ਹੈ। ਕੁਝ ਕਮੇਟੀ ਆਗੂ ਮੈਂਬਰ ਸਿੱਖੀ ਸਿਧਾਂਤਾਂ ਅਤੇ ਕਾਨੂੰਨ ਨੂੰ ਨਜ਼ਰਅੰਦਾਜ਼ ਕਰਕੇ ਜੱਬਲ ਨਾਲ ਅਪਣੀ ਰਿਸ਼ਤੇਦਾਰੀ ਨਿਭਾ ਰਹੇ ਹਨ।ਇਸੇ ਲਈ ਟ੍ਰਸਟੀ ਵਿਧਾਨ ਅਨੁਸਾਰ ਪੰਜ ਆਰਬੀਟ੍ਰੇਟਰ ਨਹੀਂ ਦੇ ਰਹੇ ਜੋ ਕੇ ਸੋਸਾਇਟੀ ਦੇ ਵਿਧਾਨ ਚੈਪਟਰ 14 ਸੈਕਸ਼ਨ 4 (2) ਮਾਨਯੋਗ ਅਤੇ ਜੱਜ ਕ੍ਰਕ ਪੈਟਰਿਕ ਦੇ ਹੁਕਮਾਂ ਦੀ ਉਲੰਘਣਾ ਹੈ। ਨਾ ਹੀ ਕਮੇਟੀ ਬੈਠਕੇ ਗੱਲ ਕਰਨੇ ਨੂੰ ਤਿਆਰ ਹੈ।

ਕਮੇਟੀ-ਟ੍ਰਸਟੀ ਨੇ ਸਾਡੀਆਂ ਈ-ਮੇਲਾਂ,ਚਿਠੀਆਂ ਅਤੇ ਜਨਰਲ ਮੀਟਿੰਗਾਂ ਵਿੱਚ ਪੁੱਛੇ ਗਏ ਸਵਾਲਾਂ ਦੇ ਜਵਾਬ ਨਾ ਦੇਣ ਦੀ ਨਿਤੀ ਅਪਣਾਈ ਹੋਈ ਹੈ।

ਕੀ ਗੁਰਦੁਆਰਾ ਬਰੁਕਸਾਈਡ ਸਾਹਿਬ ਦੇ ਬਾਹਰ, ਸਾਹਮਣੇ ਕੰਧ ਤੇ ਪ੍ਰਬੰਧਕਾਂ ਵਲੋਂ ਨਵਾਂ ਲਾਇਆ ਗਿਆ ‘ਸਾਈਨ ਬੋਰਡ’ ਇਹਨਾਂ ਪ੍ਰਧਾਨਾਂ -ਟਰੱਸਟੀਆਂ ਤੇ ਲਾਗੂ ਨਹੀਂ ਹੁੰਦਾ ? ਕੀ ਇਹ ਪ੍ਰਬੰਧਕਾਂ ਦੁਆਰਾ ਸੀ. ਆਰ.ਐਸ

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ ‘ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

ਨਿਯਮਾਂ, ਉਪ-ਨਿਯਮਾਂ ਦੀ ਉਲੰਘਣਾ ਨਹੀਂ ਹੈ ?

ਵਿਵਾਦਿਤ ਮੈਂਬਰਸ਼ਿਪ (DISPUTED MEMBERSHIP) ਇਹ ਵਿਵਾਦਤ ਮੈਂਬਰਾਂ ਦੀ ਲਾਈਫ ਮੈਂਬਰਸ਼ਿਪ ਦਾ ਮੁੱਦਾ ਜੋ ਕਈ ਵਾਰ ਉਠਾਇਆ ਜਾ ਚੁੱਕਾ ਹੈ।

ਸਾਬਕਾ ਪ੍ਰਧਾਨ ਜੱਬਲ ਵੱਲੋਂ ਸਕੱਤਰ ਚਰਨਜੀਤ ਮਰਵਾਹਾ, ਉਨ੍ਹਾਂ ਦੀ ਪਤਨੀ ਅਤੇ ਕਈ ਹੋਰ ਮੈਂਬਰਾਂ ਨੂੰ ਜਾਰੀ ਕੀਤੀ ਲਾਈਫ ਮੈਂਬਰਸ਼ਿਪ ਮੈਂਬਰਸ਼ਿਪ ਉਪ-ਨਿਯਮਾਂ ਅਨੁਸਾਰ ਨਹੀਂ ਹੈ, ਭਾਵ ਇਹ ਗੈਰ-ਸੰਵਿਧਾਨਕ ਤਰੀਕੇ ਨਾਲ ਦਿੱਤੀ ਗਈ ਹੈ। ਜਿਸ ਨੂੰ ਲੈ ਕੇ ਹਰ ਏ.ਜੀ.ਐਮ ਵਿੱਚ ਵਾਰ-ਵਾਰ ਸਵਾਲ ਉੱਠਦੇ ਰਹੇ ਹਨ।

2018 'ਚ ਕਮੇਟੀ ਦੁਆਰਾ ਸੋਸਾਇਟੀ ਵਿੱਚ ਚੱਲ ਰਹੇ ਵਿਵਾਦਪੂਰਨ ਮੁੱਦਿਆਂ 'ਤੇ ਕਾਨੂੰਨੀ ਸਲਾਹ ਲੈਣ ਲਈ ਇੱਕ "ਕਾਨੂੰਨੀ ਟੀਮ" ਦਾ ਆਯੋਜਨ ਕੀਤਾ ਗਿਆ ਸੀ। ਜਿਸਦੇ ਮੈਂਬਰ ਹਨ ਸੁਰਿੰਦਰ ਜੱਬਲ,ਹਰਦੇਵ ਬਸਨ,ਧਰਮ ਸਿੰਘ ਪਨੇਸਰ, ਕਿਰਪਾਲ ਧੰਜਲ,ਦੀਪ ਕਲਸੀ ਅਤੇ ਰੇਵਿੰਦਰ ਬਰਜਸ। ਇਸ ਲੀਗਲ ਟੀਮ ਵਲੋਂ ਟਰੱਸਟੀ ਚੇਅਰਮੈਨ, ਬਲਵੰਤ ਕਲਸੀ ਨੂੰ ਵਕੀਲ ਦੀ ਭਾਲ ਕਰਨੇ ਲਈ ਕਿਹਾ ਗਿਆ। ਟਰੱਸਟੀ ਚੇਅਰਮੈਨ ਵਲੋਂ ਜੂਨ 29,2018 ਨੂੰ ਕਨੂੰਨੀ ਸਲਾਹ ਲੈਣ ਲਈ ਵਕੀਲ ਨਾਲ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ,ਇਸ ਮੀਟਿੰਗ ਵਿਚ ਵੀ ਟਰੱਸਟੀ ਚੇਅਰਮੈਨ, ਬਲਵੰਤ ਕਲਸੀ ਵੀ ਮਜੂਦ ਸਨ। ਟਰੱਸਟੀ ਚੇਅਰਮੈਨ ਨੇ ਆਪਣੇ ਇੱਕ ਬਿਆਨ ਵਿੱਚ ਸੁਰਿੰਦਰ ਜੱਬਲ ਅਤੇ ਵਕੀਲ ਦਰਮਿਆਨ ਹੋਈ ਗੱਲਬਾਤ ਦਾ ਸਾਰ ਦਸਿਆ,ਜੋ ਇਸ ਪ੍ਰਕਾਰ ਹੈ।

ਸੁਰਿੰਦਰ ਜੱਬਲ ਨੇ ਵਕੀਲ ਨੂੰ ਦੱਸਿਆ ਕਿ ਮਨਜੀਤ ਪਨੇਸਰ ਅਤੇ ਅਮਰਜੀਤ ਮਠਾੜੂ ਦੋਵਾਂ ਨੇ,

1) ਮੇਰੇ ਵਲੋਂ, ਜੋ ਚਰਨਜੀਤ ਮਰਵਾਹਾ ਅਤੇ ਉਸ ਦੀ ਪਤਨੀ ਨੂੰ ਗੈਰ-ਸੰਵਿਧਾਨਕ ਢੰਗ ਨਾਲ ਮੈਂਬਰਸ਼ਿਪ ਦਿਤੀ ਗਈ ਹੈ,ਉਸਦਾ ਮੁੱਦਾ ਉਠਾਇਆ ਹੈ।

2)27 ਮਈ 2018 ਨੂੰ ਹੋਈ ♥7$ ਨੂੰ ਅਵੈਧ ਕਰਾਰ ਦਿੰਦਿਆਂ ਹੋਈਆਂ ਉਸ ਮੀਟਿੰਗ ਦੇ ਮਿੰਟਸ ਮੰਗੇ ਹਨ, ਜੋ ਮੈਂ ਨਹੀਂ ਦੇਣਾ ਚਾਹੁੰਦਾ।

3)ਉਹ ਦੋਵੇਂ ਮੇਰੇ ਕੈਨੋਪੀ ਪ੍ਰੋਜੈਕਟ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ।

ਸੁਰਿੰਦਰ ਜੱਬਲ ਨੇ ਕਿਹਾ, ਮੈਨੂੰ ਬਚਾਓ ! ਜੋ ਵੀ ਲੀਗਲ ਖਰਚਾ ਹੋਵੇਗਾ ਸੁਸਾਇਟੀ ਦੇਣ ਲਈ ਤਿਆਰ ਹੈ। ਉਸੀ ਸਮੇਂ ਸੁਰਿੰਦਰ ਜੱਬਲ ਨੇ ਸੁਸਾਇਟੀ ਵਲੋਂ £2500 ਦਾ ਚੈਕ ਵਕੀਲ ਨੂੰ ਦਿੱਤਾ ਅਤੇ ਸੁਸਾਇਟੀ ਦੀ ਤਰਫੋਂ ਕੇਸ ਲੜਨ ਦੀ ਇਜਾਜ਼ਤ ਦੇ ਦਿੱਤੀ।

ਸਾਡੇ ਵਲੋਂ ਇਹਨਾਂ ਸਾਰੇ ਵਿਵਾਦਿਤ ਮਾਮਲੇਆਂ ਨੂੰ ਸੰਵਿਧਾਨ ਅਨੁਸਾਰ ਪੰਜ ਸਾਲਸ ਰਾਹੀਂ ਹੱਲ ਕਰਨ ਲਈ ਟਰੱਸਟੀਆਂ ਨੂੰ ਸ਼ਿਕਾਇਤ ਪੱਤਰ ਵੀ ਲਿਖੇ ਪਰ ਕੋਈ ਹੁੰਗਾਰਾ ਨਹੀਂ ਮਿਲਿਆ। ਇਸ ਤਰ੍ਹਾਂ ਸੁਸਾਇਟੀ, ਮੈਂਬਰਾਂ ਨੂੰ ਇਨਸਾਫ਼ ਲੈਣ ਲਈ ਅਦਾਲਤਾਂ ਵਿੱਚ ਜਾਣ ਲਈ ਮਜਬੂਰ ਕਰਦੀ ਰਹੀ ਜਿਸ ਕਾਰਨ ਸੋਸਾਇਟੀ ਦੇ ਲੱਖਾਂ ਹੀ ਡਾਲਰ ਵਕੀਲਾਂ ਤੇ ਖਰਚ ਕੀਤੇ ਗਏ।

To justify Court Actions and expenses.

ਸੁਸਾਇਟੀ ਦੇ ਮੈਂਬਰਾਂ ਨੇ ਸੁਸਾਇਟੀ ਦੇ ਸੰਵਿਧਾਨ ( ਚੈਪਟਰ 14 ਸੈਕਸ਼ਨ 4) ਦੇ ਤਹਿਤ ਇਹਨਾਂ ਕਾਨੂੰਨੀ ਕਾਰਵਾਈਆਂ ਅਤੇ ਖਰਚਿਆਂ ਨੂੰ ਜਾਇਜ਼ ਠਹਿਰਾਉਣ ਲਈ 9 ਸਤੰਬਰ 2023 ਨੂੰ ਇੱਕ ਵਿਸ਼ੇਸ਼ ਜਨਰਲ ਮੀਟਿੰਗ (SGM) ਬੁਲਾਉਣ ਲਈ ਪ੍ਰਧਾਨ ਅਤੇ ਟਰੱਸਟੀਆਂ ਨੂੰ ਬੇਨਤੀ ਪੱਤਰ ਵੀ ਲਿਖਿਆ ਸੀ, ਜਿਸ ਦਾ ਕੋਈ ਜਵਾਬ ਨਹੀਂ ਮਿਲਿਆ। ਕਮੇਟੀ ਅਤੇ ਟਰੱਸਟੀਆਂ ਵੱਲੋਂ ਸਾਡੀ ਕਿਸੇ ਵੀ ਈ-ਮੇਲ ਜਾਂ ਚਿੱਠੀ ਦਾ ਕੋਈ ਜਵਾਬ ਨਹੀਂ ਦਿਤਾ ਜਾ ਰਿਹਾ ।ਇਸ ਤਰ੍ਹਾਂ ਕਮੇਟੀ ਮੈਸੋਸਿਟੀ ਮੈਂਬਰਾਂ ਨੂੰ ਅਦਾਲਤਾਂ ਵਿੱਚ ਜਾਣ ਲਈ ਮਜਬੂਰ ਕਰ ਰਹੀ ਹੈ। ਪ੍ਰਧਾਨ ਅਤੇ ਟਰੱਸਟੀ ਜਾਣਦੇ ਹਨ ਕਿ ਚਿਠੀਆਂ ਅਤੇ ਈ-ਮੇਲ ਵਿੱਚ ਮੈਂਬਰਾਂ ਵੱਲੋਂ ਉਠਾਏ ਸਵਾਲਾਂ ਦੇ ਜਵਾਬ ਦੇਣ ਨਾਲ ਸਾਬਕਾ ਪ੍ਰਧਾਨ ਜੱਬਲ ਵੱਲੋਂ ਕੀਤੀਆਂ ਉਪ-ਨਿਯਮਾਂ ਦੀਆਂ ਉਲੰਘਣਾਵਾਂ ਦਾ ਪਰਦਾਫਾਸ਼ ਹੋ ਜਾਵੇਗਾ। ਇਸ ਲਈ ਕਮੇਟੀ ਇਸ ਸੱਚਾਈ ਨੂੰ ਜਨਤਕ ਨਹੀਂ ਹੋਣ ਦੇਣਾ ਚਾਹੁੰਦੀ।

CRT PROCEEDINGS.

ਵਕੀਲਾਂ ਦੇ ਵਧਦੇ ਖਰਚੇ ਨੂੰ ਦੇਖਦਿਆਂ ਮਨਜੀਤ ਪਨੇਸਰ ਨੇ ਸੁਪਰੀਮ ਕੋਰਟ ਤੋਂ ਕੇਸ ਵਾਪਸ ਲੈ ਲਿਆ ਅਤੇ ਸੀ.ਆਰ.ਟੀ ਵਿੱਚ ਕੇਸ ਦੁਬਾਰਾ ਦਾਇਰ ਕਰ ਦਿੱਤਾ, ਜਿਸ ਵਿੱਚ ਵਕੀਲਾਂ ਦੀ ਲੋੜ ਨਹੀਂ ਹੁੰਦੀ ਅਤੇ ਕੋਈ ਖਰਚਾ ਵੀ ਨਹੀਂ ਹੁੰਦਾ। ਮਨਜੀਤ ਪਨੇਸਰ ਨੇ ਇਨ੍ਹਾਂ ਕੇਸਾਂ ਦੀ ਪੈਰਵੀ ਖੁਦ ਕੀਤੀ।

**ਇਹਨਾਂ ਕੇਸਾਂ ਤੇ ਦੋਨੋ ਪਾਸਿਓਂ ਸੁਣਵਾਈ ਹੋ ਚੁਕੀ**

ਸੀ ਅਫਸੋਸ! ਫੈਂਸਲਾ ਹੋਣ ਤੋਂ ਪਹਿਲੋਂ ਹੀ ਸੁਸਾਇਟੀ ਅਤੇ 5 ਡਾਇਰੈਕਟਰਾਂ ਨੇ ਸੀ.ਆਰ.ਟੀ., ਮਨਜੀਤ ਪਨੇਸਰ ਅਤੇ ਜਸਵੰਤ ਸੱਗੂ ਵਿਰੁੱਧ ਸੁਪਰੀਮ ਕੋਰਟ ਵਿੱਚ 650 ਪੰਨਿਆਂ ਦੀ ਪਟੀਸ਼ਨ ਦਾਇਰ ਕਰ ਦਿਤੀ ਕਿ ਇਨ੍ਹਾਂ ਸਾਰੇ ਕੇਸਾਂ ਦੀ ਸੁਣਵਾਈ ਸੁਪਰੀਮ ਕੋਰਟ ਵਿੱਚ ਹੀ ਹੋਣੀ ਚਾਹੀਦੀ ਹੈ, ਜਿਸ ਨੂੰ ਮਾਣਯੋਗ ਅਦਾਲਤ ਨੇ ਮਨਜ਼ੂਰੀ ਦੇ ਦਿੱਤੀ। ਕਮੇਟੀ ਨੇ ਲੱਖਾਂ ਡਾਲਰ (ਗੁਰੂ ਦੀ ਗੋਲਕ) ਇਸ ਮੰਤਵ ਲਈ ਹੀ ਇਸ ਪਟੀਸ਼ਨ'ਤੇ ਖਰਚ ਕਰ ਦਿਤੇ ਕਿ ਇਹ ਕੇਸ ਸੁਪਰੀਮ ਕੋਰਟ ਵਿਚ ਸੁਣੇ ਜਾਨ। ਇਹ ਕੇਸ ਅਜੇ ਖਤਮ ਨਹੀਂ ਹੋਏ।

ਇਨ੍ਹਾਂ ਸਾਰੇ ਵਿਵਾਦਿਤ ਮਸਲਿਆਂ ਨੂੰ ਸੁਸਾਇਟੀ ਦੇ ਸੰਵਿਧਾਨ (Chapter AD Section A□B ) ਅਤੇ ਮਾਨਯੋਗ ਜੱਜ 'ਕੁਕ ਪੈਟਰਿਕ' ਦੇ ਹੁਕਮਾਂ ਅਨੁਸਾਰ ਪੰਜ ਸਾਲਸ ਰਾਹੀਂ ਵੀ ਹੱਲ ਕੀਤਾ ਜਾ ਸਕਦਾ ਹੈ ਪਰ ਸੋਸਾਇਟੀ ਦੇ ਅਹੁਦੇਦਾਰ, ਟ੍ਰਸਟੀ ਆਗੂ ਅਜਿਹਾ ਨਹੀਂ ਹੋਣ ਦੇਣਾ ਚਾਹੁੰਦੇ। ਜਿਸ ਦਾ ਕਾਰਨ ਉੱਪਰ ਦੱਸਿਆ ਜਾ ਚੁੱਕਾ ਹੈ।

ਆਓ! ਸੋਸਾਇਟੀ ਨੂੰ ਅਦਾਲਤਾਂ ਵਿੱਚ ਪੈਸਾ (ਗੋਲਕ) ਬਰਬਾਦ ਕਰਨ ਤੋਂ ਰੋਕੀਏ ਤਾਂ ਜੋ ਇਹ ਪੈਸਾ ਸਮਾਜ ਦੇ ਚੰਗੇ ਕੰਮਾਂ ਵਿੱਚ ਖਰਚਿਆ ਜਾ ਸਕੇ।

'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਦਾ ਦੂਰਿ ਕਰਹੁ ਲਿਵ ਲਾਇ।'

ਗੁਰੂ ਜੀ ਦੇ ਇਸ ਪਾਵਨ ਹੁਕਮ ਨੂੰ ਮੁੱਖ ਰੱਖਦਿਆਂ ਅਸੀਂ ਮਜੂਦਾ ਕਮੇਟੀ ਅਤੇ ਟਰੱਸਟੀ ਨੂੰ 4 ਅਕਤੂਬਰ 2023 ਨੂੰ ਇੱਕ ਬੇਨਤੀ ਪੱਤਰ ਲਿਖਿਆ ਹੈ, ਜਿਸ ਵਿੱਚ ਉਨ੍ਹਾਂ ਨੂੰ ਬੇਨਤੀ ਕੀਤੀ ਗਈ ਕੇ ਆਓ! ਬੈਠਕੇ ਸੋਸਾਇਟੀ ਦੇ ਸਾਰੇ ਵਿਵਾਦਿਤ ਮਸਲੇ ਕੋਰਟਾਂ ਦੀ ਬਜਾਏ ਬੈਠਕੇ ਹੱਲ ਕਰੀਏ। ਪਰ ਹੁਣ ਤੱਕ ਸੋਸਾਇਟੀ ਵੱਲੋਂ ਕੋਈ ਹੁੰਗਾਰਾ ਨਹੀਂ ਆਇਆ, ਸ਼ਾਇਦ ਕਮੇਟੀ ਕੋਈ ਮਸਲਾ ਹੱਲ ਕਰਨਾ ਨਹੀਂ ਚਾਹੁੰਦੀ।

**ਤੁਹਾਡਾ ਧੰਨਵਾਦ !**
**ਸੋਸਾਇਟੀ ਦੇ ਸ਼ੁਭਚਿੰਤਕ,**
**ਸੋਸਾਇਟੀ ਮੈਂਬਰ**

# ਆਸਟਰੇਲੀਆ 'ਚ ਸਿੱਖ ਰੇਸਤਰਾਂ ਮਾਲਕ 'ਤੇ ਮਹੀਨਿਆਂ ਤੋਂ ਹੋ ਰਹੇ ਨੇ ਨਸਲੀ ਹਮਲੇ

ਮੈਲਬਰਨ-ਆਸਟਰੇਲੀਆ 'ਚ ਰਹਿਣ ਵਾਲੇ ਇੱਕ ਸਿੱਖ ਰੇਸਤਰਾਂ ਮਾਲਕ ਨੇ ਦੋਸ਼ ਲਾਇਆ ਕਿ ਹਾਲ ਹੀ ਦੇ ਮਹੀਨਿਆਂ 'ਚ ਉਸ ਨੂੰ ਕਈ ਵਾਰ ਨਸਲੀ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ। ਉਸ ਨੂੰ ਘਰ ਵਾਪਸ ਜਾਣ ਲਈ ਕਿਹਾ ਗਿਆ ਤੇ ਉਸ ਦੀ ਕਾਰ 'ਤੇ ਕੁੱਤੇ ਦਾ ਗੰਦ ਸੁੱਟਿਆ ਗਿਆ। ਆਸਟਰੇਲੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਦੀ ਰਿਪੋਰਟ ਅਨੁਸਾਰ ਤਸਮਾਨੀਆ ਦੇ ਹੌਬਾਰਟ 'ਚ ਰੇਸਤਰਾਂ ਚਲਾ ਰਹੇ ਜਰਨੈਲ ਸਿੰਘ ਨੇ ਕਿਹਾ ਕਿ ਪਿਛਲੇ ਦੋ ਜਾਂ ਤਿੰਨ ਮਹੀਨਿਆਂ ਤੋਂ ਉਸ ਨੂੰ ਨਸਲੀ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਸ ਨੇ ਕਿਹਾ, 'ਮੇਰੇ ਨਾਲ ਅਜਿਹਾ ਪਹਿਲਾਂ ਕਦੇ ਵੀ ਨਹੀਂ ਹੋਇਆ ਸੀ ਪਰ ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਮੈਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।' ਉਸ ਨੇ ਦੱਸਿਆ, 'ਇਹ ਮਾਨਸਿਕ ਤੌਰ 'ਤੇ ਬਹੁਤ ਤਣਾਅ ਵਾਲੀ ਗੱਲ ਹੈ ਜਦੋਂ ਕੋਈ ਤੁਹਾਡੇ ਘਰ ਆ ਜਾਂਦਾ ਹੈ ਅਤੇ ਖਾਸ ਤੌਰ 'ਤੇ ਤੁਹਾਡਾ ਨਾਂ ਲੈ ਤੁਹਾਨੂੰ ਨਿਸ਼ਾਨਾ ਬਣਾਉਂਦਾ ਹੈ। ਇਸ ਨਾਲ ਮਾਨਸਿਕ ਤੌਰ 'ਤੇ ਬਹੁਤ ਪ੍ਰੇਸ਼ਾਨੀ ਹੁੰਦੀ ਹੈ। ਕੁਝ ਕੀਤਾ ਜਾਣਾ ਚਾਹੀਦਾ ਹੈ।' ਉਨ੍ਹਾਂ ਦੱਸਿਆ ਕਿ ਪਹਿਲੀ ਘਟਨਾ ਵਿੱਚ ਚਾਰ-ਪੰਜ ਦਿਨ ਲਗਾਤਾਰ ਉਸ ਦੇ ਘਰ ਦੇ ਬਾਹਰ ਖੜ੍ਹੀ ਉਸ ਦੀ ਕਾਰ ਦੇ ਦਰਵਾਜ਼ੇ ਦੇ ਹੈਂਡਲ 'ਤੇ ਕੁੱਤੇ ਦਾ ਗੰਦ ਲਾਇਆ ਜਾਂਦਾ ਰਿਹਾ। ਇਸ ਮਗਰੋਂ ਉਸ ਦੇ ਰਾਹ ਵਿੱਚ ਨਸਲੀ ਨਾਅਰੇ ਲਿਖੇ ਗਏ ਤੇ ਉਸ ਨੂੰ 'ਭਾਰਤੀ, ਘਰ ਵਾਪਸ ਜਾਓ' ਕਿਹਾ ਗਿਆ। ਉਸ ਨੇ ਪੁਲੀਸ ਨੂੰ ਰਿਪੋਰਟ ਕੀਤੀ ਪਰ ਕੋਈ ਵੀਡੀਓ ਸਬੂਤ ਨਾ ਹੋਣ ਕਾਰਨ ਸ਼ਰਾਰਤੀਆਂ ਦਾ ਪਤਾ ਨਹੀਂ ਲਾਇਆ ਜਾ ਸਕਿਆ। ਜਰਨੈਲ ਸਿੰਘ ਨੇ ਕਿਹਾ ਕਿ ਉਸ ਨੂੰ ਸਭ ਤੋਂ ਪਹਿਲਾਂ ਇੱਕ ਨੌਜਵਾਨ ਵੱਲੋਂ ਲਿਖਿਆ ਨਸਲੀ ਟਿੱਪਣੀਆਂ ਵਾਲਾ ਇੱਕ ਪੱਤਰ ਮਿਲਿਆ ਸੀ ਪਰ ਉਸ ਨੇ ਪੁਲੀਸ ਨੂੰ ਸੂਚਨਾ ਦੇਣ ਮਗਰੋਂ ਇਸ ਵੱਲ ਧਿਆਨ ਨਾ ਦਿੱਤਾ। ਇਸ ਤੋਂ ਇੱਕ ਮਹੀਨੇ ਬਾਅਦ ਇੱਕ ਹੋਰ ਪੱਤਰ ਮਿਲਿਆ ਜਿਸ ਵਿੱਚ ਹੋਰ ਵੀ ਭੱਦੀਆਂ ਨਸਲੀ ਟਿੱਪਣੀਆਂ ਸਨ ਤੇ ਉਸ ਦੀ ਕਾਰ ਤੋੜਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਸਨ। ਜ਼ਿਕਰਯੋਗ ਹੈ ਜਰਨੈਲ ਸਿੰਘ ਪਿਛਲੇ 15 ਸਾਲ ਤੋਂ ਆਸਟਰੇਲੀਆ ਵਿੱਚ ਰਹਿ ਰਿਹਾ ਹੈ। ਤਸਮਾਨੀਆ ਪੁਲੀਸ ਦੇ ਕਮਾਂਡਰ ਜੈਸਨ ਐਲਮਰ ਨੇ ਕਿਹਾ ਕਿ ਪੁਲੀਸ ਨੂੰ ਘਟਨਾਵਾਂ ਦੀ ਸੂਚਨਾ ਮਿਲੀ ਹੈ ਤੇ ਉਹ ਇਸ ਦੀ ਪੜਤਾਲ ਕਰ ਰਹੇ ਹਨ।



# ਦੁਨੀਆ 'ਚ '123456' ਸਭ ਤੋਂ ਆਮ ਪਾਸਵਰਡ, ਹੈਕਰਾਂ ਲਈ ਇਸ ਨੂੰ ਤੋੜਨਾ ਚੁਟਕੀ ਦਾ ਕੰਮ

ਨਵੀਂ ਦਿੱਲੀ-ਸਭ ਤੋਂ ਆਮ ਪਾਸਵਰਡ '123456' ਹੈ ਅਤੇ ਹੈਕਰ ਨੂੰ ਇਸ ਨੂੰ ਸੈਕਿੰਡ ਤੋਂ ਘੱਟ ਸਮੇਂ ਵਿੱਚ ਤੋੜ ਦੇਵੇਗਾ। ਨੌਰਡਪਾਸ, ਸਾਫਟਵੇਅਰ ਕੰਪਨੀ ਜੋ ਉਪਭੋਗਤਾਵਾਂ ਨੂੰ ਉਨ੍ਹਾਂ ਦੇ ਪਾਸਵਰਡਾਂ ਬਾਰੇ ਮਦਦ ਦਿੰਦੀ ਹੈ, ਵੱਲੋਂ ਕਰਵਾਏ ਅਧਿਐਨ ਅਨੁਸਾਰ ਪਾਸਵਰਡ 123456 45 ਲੱਖ ਖਾਤਿਆਂ ਲਈ ਰੱਖਿਆ ਗਿਆ ਸੀ। ਪਨਾਮਾ-ਅਧਾਰਤ ਕੰਪਨੀ ਦੀ ਵੈੱਬਸਾਈਟ ਅਨੁਸਾਰ ਦੂਜੇ ਅਤੇ ਤੀਜੇ ਸਭ ਤੋਂ ਪ੍ਰਸਿੱਧ ਪਾਸਵਰਡ ਐਡਮਿਨ ਅਤੇ 12345678 ਸਨ, ਜੋ ਕ੍ਰਮਵਾਰ 40 ਲੱਖ ਅਤੇ 13.7 ਲੱਖ ਖਾਤਿਆਂ ਵਿੱਚ ਵਰਤੇ ਗਏ ਸਨ। ਵੈੱਬਸਾਈਟ ਅਨੁਸਾਰ ਭਾਰਤ ਵਿੱਚ ਸਭ ਤੋਂ ਆਮ ਪਾਸਵਰਡ '123456' ਹੈ, ਜੋ 3.6 ਲੱਖ ਖਾਤਿਆਂ ਵਿੱਚ ਰੱਖਿਆ ਗਿਆ ਹੈ। ਇਸ ਤੋਂ ਬਾਅਦ □ਐਡਮਿਨ□ 1.2 ਲੱਖ ਖਾਤਿਆਂ ਵਿੱਚ ਵਰਤਿਆ ਗਿਆ। ਪਾਸਵਰਡ ਮੈਨੇਜਰ ਕੰਪਨੀ ਨੇ ਖਾਤਾਧਾਰਕਾਂ ਨੂੰ ਅਜਿਹੇ ਗੁੰਝਲਦਾਰ ਪਾਸਵਰਡ ਵਰਤਣ ਦੀ ਸਲਾਹ ਦਿੱਤੀ ਹੈ ਜੋ ਘੱਟੋ-ਘੱਟ 20 ਅੱਖਰਾਂ ਦੇ ਹੋਣ ਅਤੇ ਇਸ ਵਿੱਚ ਵੱਡੇ ਅਤੇ ਛੋਟੇ ਅੱਖਰਾਂ, ਨੰਬਰਾਂ ਅਤੇ ਵਿਸ਼ੇਸ਼ ਚਿੰਨ੍ਹਾਂ ਦਾ ਮਿਸ਼ਰਨ ਸ਼ਾਮਲ ਹੋਵੇ। ਕੰਪਨੀ ਨੇ ਪਾਸਵਰਡ ਉਪਭੋਗਤਾਵਾਂ ਨੂੰ ਕਈ ਵੈਬਸਾਈਟਾਂ ਜਾਂ ਸੇਵਾਵਾਂ ਵਿੱਚ ਇੱਕੋ ਪਾਸਵਰਡ ਦੀ ਵਰਤੋਂ ਨਾ ਕਰਨ ਲਈ ਕਿਹਾ ਹੈ।




WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS

- Criminal Law
- Divorce Cases
- Immigration Law
- Notary Services

*Your Lawyers, Because We Care*

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਕੈਨੇਡਾ ਖਾਲਿਸਤਾਨੀ ਆਗੂ ਨਿੱਝਰ ਦੀ ਹੱਤਿਆ ਬਾਰੇ ਭਾਰਤ ਨੂੰ ਸਬੂਤ ਦੇਵੇ-ਜੈਸ਼ੰਕਰ

ਲੰਡਨ-ਭਾਰਤ ਦੇ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੇ ਕਿਹਾ ਕਿ ਖਾਲਿਸਤਾਨੀ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਕਥਿਤ ਭਾਰਤ ਸਰਕਾਰ ਦੇ ਏਜੰਟਾਂ ਦੀ ਸ਼ਮੂਲੀਅਤ ਸਬੰਧੀ ਕੈਨੇਡਾ ਦੇ ਦੋਸ਼ਾਂ ਦੀ ਜਾਂਚ ਲਈ ਉਹ ਤਿਆਰ ਹਨ, ਬਸ਼ਰਤੇ ਭਾਰਤ ਨੂੰ ਲੋੜੀਂਦੇ ਸਬੂਤ ਮੁਹੱਈਆ ਕੀਤੇ ਜਾਣ। ਉਨ੍ਹਾਂ ਕਿਹਾ ਕਿ ਬੋਲਣ ਤੇ ਪ੍ਰਗਟਾਵੇ ਦੀ ਆਜ਼ਾਦੀ ਇਕ ਜ਼ਿੰਮੇਵਾਰੀ ਨਾਲ ਆਉਂਦੀ ਹੈ, ਜਿਸ ਦੀ ਸਰਕਾਰਾਂ ਦੀ ਨੱਕ ਹੇਠ ਦੁਰਵਰਤੋਂ ਹੋ ਰਹੀ ਹੈ ਤੇ ਇਸ ਨੂੰ ਬਰਦਾਸ਼ਤ ਕਰਨਾ ਗ਼ਲਤ ਹੈ। ਪੰਜ ਰੋਜ਼ਾ ਸਰਕਾਰੀ ਫੇਰੀ ਦੌਰਾਨ ਜੈਸ਼ੰਕਰ ਨੇ ਯੂਕੇ ਦੇ ਗ੍ਰਹਿ ਮੰਤਰੀ ਜੇਮਸ ਕਲੈਵਰਲੀ ਤੇ ਕੌਮੀ ਸੁਰੱਖਿਆ ਸਲਾਹਕਾਰ ਟਿਮ ਬੈਰੋ ਨਾਲ ਯੂਕੇ ਵਿੱਚ ਖਾਲਿਸਤਾਨੀ ਪੱਖੀ ਕੱਟੜਵਾਦ ਨੂੰ ਲੈ ਕੇ ਆਪਣੇ ਫ਼ਿਕਰ ਵੀ ਸਾਂਝੇ ਕੀਤੇ। ਜੈਸ਼ੰਕਰ ਫੇਰੀ ਦੌਰਾਨ ਬਰਤਾਨਵੀ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੂੰ ਵੀ ਮਿਲੇ ਤੇ ਉਨ੍ਹਾਂ ਸਮਕਾਲੀ ਚੁਣੌਤੀਆਂ ਨਾਲ ਨਜਿੱਠਣ ਲਈ ਇੱਕ ਮਹੱਤਵਪੂਰਨ ਕਾਰਕ ਵਜੋਂ ਭਾਰਤ-ਯੂਕੇ ਸਬੰਧਾਂ ਨੂੰ ਵਧਾਉਣ ਵਿੱਚ ਸਕਾਰਾਤਮਕ ਰਫ਼ਤਾਰ 'ਤੇ ਤਸੱਲੀ ਪ੍ਰਗਟਾਈ। ਜੈਸ਼ੰਕਰ ਨੇ ਦੇਸ਼ ਵਾਪਸੀ ਤੋਂ ਪਹਿਲਾਂ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਵਿੱਚ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਕੈਨੇਡਾ ਦੇ ਹਵਾਲੇ ਨਾਲ ਕਿਹਾ, "ਜੇਕਰ ਅਜਿਹੇ ਦੋਸ਼ ਲਾਉਣ ਲਈ ਤੁਹਾਡੇ ਕੋਲ ਕੋਈ ਵਜ੍ਹਾ ਹੈ ਤਾਂ ਕ੍ਰਿਪਾ ਕਰਕੇ ਸਾਡੇ ਨਾਲ ਸਬੂਤ ਸਾਂਝੇ ਕੀਤੇ ਜਾਣ। ਅਸੀਂ ਜਾਂਚ ਤੋਂ ਇਨਕਾਰੀ ਨਹੀਂ ਹਾਂ ਤੇ ਉਨ੍ਹਾਂ ਵੱਲੋਂ ਪੇਸ਼ ਕੀਤੇ ਜਾਣ ਵਾਲੇ ਸਬੂਤਾਂ ਦੀ ਉਡੀਕ ਵਿੱਚ ਹਾਂ। ਪਰ ਉਨ੍ਹਾਂ ਅਜੇ ਤੱਕ ਅਜਿਹਾ ਨਹੀਂ ਕੀਤਾ।" ਜੈਸ਼ੰਕਰ ਨੇ ਕਿਹਾ ਕਿ ਉਨ੍ਹਾਂ ਯੂਕੇ ਵਿੱਚ ਆਪਣੇ ਕੂਟਨੀਤਕਾਂ ਦੀ ਸੁਰੱਖਿਆ ਨਾਲ ਜੁੜੇ ਫਿਕਰਾਂ ਬਾਰੇ ਯੂਕੇ ਦੇ ਸਿਖਰਲੇ ਆਗੂਆਂ ਨੂੰ ਜਾਣੂ ਕਰਵਾ ਦਿੱਤਾ ਹੈ। ਉਨ੍ਹਾਂ ਕਿਹਾ, "ਜਮਹੂਰੀ ਮੁਲਕ ਹੋਣ ਦੇ ਨਾਤੇ ਯਕੀਨੀ ਤੌਰ 'ਤੇ ਅਸੀਂ ਵੀ ਬੋਲਣ ਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਸਮਝਦੇ ਹਾਂ, ਪਰ ਇਨ੍ਹਾਂ ਆਜ਼ਾਦੀਆਂ ਦੀ ਦੁਰਵਰਤੋਂ 'ਤੇ ਰੋਕ ਲੱਗਣੀ ਚਾਹੀਦੀ ਹੈ।" ਚੇਤੇ ਰਹੇ ਕਿ ਕੈਨੇਡਿਆਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਤੰਬਰ ਵਿੱਚ ਦੇਸ਼ ਦੀ ਸੰਸਦ ਨੂੰ ਸੰਬੋਧਨ ਕਰਦਿਆਂ ਨਿੱਝਰ ਦੀ ਹੱਤਿਆ ਵਿਚ ਕਥਿਤ ਭਾਰਤ ਸਰਕਾਰ ਦੇ ਏਜੰਟਾਂ ਦਾ ਹੱਥ ਹੋਣ ਦਾ ਦਾਅਵਾ ਕੀਤਾ ਸੀ। ਅਣਪਛਾਤੇ ਹਮਲਾਵਰਾਂ ਨੇ 18 ਜੂਨ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਇਕ ਗੁਰਦੁਆਰੇ ਦੀ ਪਾਰਕਿੰਗ ਵਿੱਚ ਨਿੱਝਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਟਰੂਡੋ ਦੇ ਉਪਰੋਕਤ ਦਾਅਵੇ ਮਗਰੋਂ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ 'ਚ ਕੂਟਨੀਤਕ ਟਕਰਾਅ ਵਧ ਗਿਆ ਸੀ। ਭਾਰਤ ਟਰੂਡੋ ਦੇ ਦੋਸ਼ਾਂ ਨੂੰ 'ਹਾਸੋਹੀਣੇ' ਤੇ 'ਪ੍ਰੇਰਿਤ' ਦੱਸ ਕੇ ਖਾਰਜ ਕਰ ਚੁੱਕਾ ਹੈ। ਭਾਰਤ ਨੇ 2020 ਵਿੱਚ ਨਿੱਝਰ ਨੂੰ ਦਹਿਸ਼ਤਗਰਦ ਮਨੋਨੀਤ ਕੀਤਾ ਸੀ।



### 'ਕੈਨੇਡੀਅਨ ਸਿਆਸਤ 'ਚ ਕੱਟੜਵਾਦੀ ਵਿਚਾਰਾਂ ਨੂੰ ਤਰਜੀਹ'

ਜੈਸ਼ੰਕਰ ਨੇ ਕਿਹਾ ਕਿ ਕੈਨੇਡੀਅਨ ਸਿਆਸਤ ਵਿੱਚ ਹਿੰਸਕ ਤੇ ਕੱਟੜਵਾਦ ਦੇ ਸਿਆਸੀ ਵਿਚਾਰਾਂ ਨੂੰ ਥਾਂ ਦਿੱਤੀ ਜਾਂਦੀ ਹੈ, ਜੋ ਹਿੰਸਕ ਤੌਰ-ਤਰੀਕਿਆਂ ਸਮੇਤ ਭਾਰਤ ਤੋਂ ਵੱਖਵਾਦ ਦੀ ਵਕਾਲਤ ਕਰਦੇ ਹਨ। ਉਨ੍ਹਾਂ ਕਿਹਾ, "ਇਨ੍ਹਾਂ ਲੋਕਾਂ ਨੂੰ ਕੈਨੇਡੀਅਨ ਸਿਆਸਤ ਵਿੱਚ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਨੂੰ ਆਪਣੇ ਵਿਚਾਰ ਰੱਖਣ ਦੀ ਖੁੱਲ੍ਹ ਦਿੱਤੀ ਜਾਂਦੀ ਹੈ।" ਜੈਸ਼ੰਕਰ ਨੇ ਕੈਨੇਡਾ ਵਿੱਚ ਖਾਲਿਸਤਾਨ ਪੱਖੀ ਸਰਗਰਮੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਬੋਲਣ ਦੀ ਆਜ਼ਾਦੀ ਅਤੇ ਪ੍ਰਗਟਾਵੇ ਦੀ ਆਜ਼ਾਦੀ ਇੱਕ ਖਾਸ ਜ਼ਿੰਮੇਵਾਰੀ ਨਾਲ ਆਉਂਦੀ ਹੈ ਅਤੇ ਅਜਿਹੀ ਆਜ਼ਾਦੀ ਦੀ ਦੁਰਵਰਤੋਂ ਤੇ ਸਿਆਸੀ ਮੰਤਵਾਂ ਲਈ ਇਸ ਦੁਰਵਰਤੋਂ ਨੂੰ ਬਰਦਾਸ਼ਤ ਕਰਨਾ ਬਹੁਤ ਗਲਤ ਹੋਵੇਗਾ।



# ਪੰਜਾਬੀ ਰੇਡੀਓ ਰੈਡ ਐਫ ਐਮ ਦੀ ਟੀਮ ਨੂੰ ਸ਼ਾਨਦਾਰ ਰਿਪੋਰਟਿੰਗ ਲਈ ਵੈਬਸਟਰ ਐਵਾਰਡ

ਵੈਨਕੂਵਰ- ਪੰਜਾਬੀ ਰੇਡੀਓ ਰੈਡ ਐਫ ਐਮ ਦੀ ਨਿਊਜ਼ ਟੀਮ ਜਿਸ ਵਿਚ ਸ੍ਰੀ ਹਰਜਿੰਦਰ ਥਿੰਦ, ਪੂਜਾ ਸੇਖੋਂ ਤੇ ਗੁਰਵਿੰਦਰ ਹੰਜਰਾ ਸ਼ਾਮਿਲ ਹਨ, ਨੂੰ ਉਹਨਾਂ ਦੀ ਸ਼ਾਨਦਾਰ ਰਿਪੋਰਟਿੰਗ ਲਈ ਵੱਕਾਰੀ ਵੈਬਸਟਰ ਐਵਾਰਡ 2023 ਨਾਲ ਸਨਮਾਨਿਤ ਕੀਤਾ ਗਿਆ ਹੈ। ਹਰਜਿੰਦਰ ਥਿੰਦ ਦੀ ਅਗਵਾਈ ਵਾਲੀ ਇਸ ਟੀਮ ਵਲੋਂ "ਸਰੀ ਸਿਹਤ ਸੇਵਾਵਾਂ ਸੰਕਟ ਵਿਚ" ਵਿਸ਼ੇ ਉਪਰ ਕੀਤੀ ਗਈ ਖੋਜ ਭਰਪੂਰ ਰਿਪੋਰਟ ਲਈ ਗੈਰ-ਅੰਗਰੇਜ਼ੀ ਭਾਸ਼ਾਵਾਂ ਵਿਚ ਇਸ ਐਵਾਰਡ ਲਈ ਚੁਣਿਆ ਗਿਆ ਹੈ।

# ਨੱਥੋਵਾਲ ਦੇ ਨੌਜਵਾਨ ਦੀ ਕੈਨੇਡਾ 'ਚ ਗੋਲੀਆਂ ਮਾਰ ਕੇ ਹੱਤਿਆ

ਰਾਏਕੋਟ-ਕੈਨੇਡਾ ਦੇ ਮਿਸੀਸਾਗਾ ਵਿੱਚ ਲੰਘੀ ਰਾਤ ਕਰੀਬ 11 ਵਜੇ ਨੱਥੋਵਾਲ ਦਾ ਨੌਜਵਾਨ ਜਗਰਾਜ ਸਿੰਘ (28 ) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਨੱਥੋਵਾਲ ਵਾਸੀ ਜਗਰਾਜ ਸਿੰਘ ਕਰੀਬ 3 ਮਹੀਨੇ ਪਹਿਲਾਂ ਪੜ੍ਹਾਈ ਲਈ ਕੈਨੇਡਾ ਗਿਆ ਸੀ। ਮ੍ਰਿਤਕ ਨੌਜਵਾਨ ਪੜ੍ਹਾਈ ਦੇ ਨਾਲ-ਨਾਲ ਮਿਸੀਸਾਗਾ ਦੇ ਯਾਰਡ ਉੱਪਰ ਸਕਿਉਰਿਟੀ ਗਾਰਡ ਸੀ, ਜਿੱਥੇ ਰਾਤ ਸਮੇਂ ਦੋ ਹਥਿਆਰਬੰਦ ਵਿਅਕਤੀਆਂ ਨੇ ਜਗਰਾਜ ਸਿੰਘ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਜਗਰਾਜ ਸਿੰਘ ਦੇ ਪਿਤਾ ਬਲਵੀਰ ਸਿੰਘ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ ਅਤੇ ਮਾਤਾ ਸੁਖਦੀਪ ਕੌਰ ਨੇ ਸਖ਼ਤ ਮਿਹਨਤ ਨਾਲ ਪਾਲਣ ਪੋਸ਼ਣ ਕੀਤਾ ਸੀ।

# ਪੰਜਾਬੀ ਨੌਜਵਾਨ ਦੀ ਮਿਸੀਸਾਗਾ 'ਚ ਗੋਲੀਆਂ ਮਾਰ ਕੇ ਹੱਤਿਆ

ਮਿਸੀਸਾਗਾ- ਮਿਸੀਸਾਗਾ ਵਿੱਚ ਪੰਜਾਬ ਦੇ ਪਿੰਡ ਨੱਥੋਵਾਲ ਦੇ ਨੌਜਵਾਨ ਜਗਰਾਜ ਸਿੰਘ (28 ) ਦੀ ਗੋਲੀਆਂ ਮਾਰ ਕੇ ਹੱਤਿਆ ਕੀਤੇ ਜਾਣ ਦੀ ਖਬਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਨੱਥੋਵਾਲ ਵਾਸੀ ਜਗਰਾਜ ਸਿੰਘ ਕਰੀਬ 3 ਮਹੀਨੇ ਪਹਿਲਾਂ ਪੜ੍ਹਾਈ ਲਈ ਕੈਨੇਡਾ ਗਿਆ ਸੀ। ਮ੍ਰਿਤਕ ਨੌਜਵਾਨ ਪੜਾਈ ਦੇ ਨਾਲ-ਨਾਲ ਮਿਸੀਸਾਗਾ ਦੇ ਯਾਰਡ ਉੱਪਰ ਸਕਿਉਰਿਟੀ ਗਾਰਡ ਸੀ, ਜਿੱਥੇ ਰਾਤ ਸਮੇਂ ਦੋ ਹਥਿਆਰਬੰਦ ਵਿਅਕਤੀਆਂ ਨੇ ਜਗਰਾਜ ਸਿੰਘ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਜਗਰਾਜ ਸਿੰਘ ਦੇ ਪਿਤਾ ਬਲਵੀਰ ਸਿੰਘ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ ਅਤੇ ਮਾਤਾ ਸੁਖਦੀਪ ਕੌਰ ਨੇ ਸਖ਼ਤ ਮਿਹਨਤ ਨਾਲ ਪਾਲਣ ਪੋਸ਼ਣ ਕੀਤਾ ਸੀ।


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call Mandeep Randhawa today.

604-449-7500



RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3



# ਵੈਨਕੂਵਰ ਵਿਚਾਰ ਮੰਚ ਵੱਲੋਂ ਨਾਮਵਰ ਸ਼ਾਇਰ ਦਰਸ਼ਨ ਬੁੱਟਰ ਨਾਲ ਰੂਬਰੂ

## ਮੇਰੀ ਕਵਿਤਾ ਵਿਚਲੀ ਸੰਵੇਦਨਾ ਮੇਰੀ ਮਾਂ ਦੀ ਬਖਸ਼ਿਸ਼ ਹੈ-ਦਰਸ਼ਨ ਬੁੱਟਰ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਪੰਜਾਬ ਤੋਂ ਆਏ ਨਾਮਵਰ ਸ਼ਾਇਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਕਰਵਾਏ ਇਸ ਪ੍ਰੋਗਰਾਮ ਵਿਚ ਵੈਨਕੂਵਰ ਖੇਤਰ ਦੀਆਂ ਅਹਿਮ ਸਾਹਿਤਿਕ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਸਮੇਂ ਦਰਸ਼ਨ ਬੁੱਟਰ ਬਾਰੇ ਕੁਝ ਸ਼ਬਦ ਕਹਿੰਦਿਆਂ ਉਨ੍ਹਾਂ ਦੇ ਬਹੁਤ ਹੀ ਕਰੀਬੀ ਦੋਸਤ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਕਿਹਾ ਕਿ ਦਰਸ਼ਨ ਬੁੱਟਰ ਦੀ ਕਵਿਤਾ ਨੂੰ ਉਹਨਾ ਲਗਾਤਾਰ ਵਿਕਸਤ ਹੁੰਦੇ ਅਤੇ ਪਰਪੱਕਤਾ ਦੀ ਪੌੜੀ ਚੜ੍ਹਦਿਆਂ ਦੇਖਿਆ ਹੈ। ਇਹਨਾਂ ਦੀ ਕਵਿਤਾ ਦੀ ਵਿਲੱਖਣ ਖ਼ੂਬਸੂਰਤੀ ਇਹ ਹੈ ਕਿ ਇਹਨਾਂ ਦੀਆਂ ਤਿੰਨ ਤਿੰਨ ਚਾਰ ਚਾਰ ਸਤਰਾਂ ਦੀਆਂ ਕਵਿਤਾਵਾਂ ਵੀ ਹਨ ਤੇ ਤਿੰਨ ਤਿੰਨ ਚਾਰ ਚਾਰ ਸਫਿਆਂ ਦੀਆਂ ਕਵਿਤਾਵਾਂ ਵੀ। ਇਹਨਾਂ ਨੂੰ ਕਈ ਵਾਰ 'ਛੋਟੀ ਕਵਿਤਾ ਦਾ ਵੱਡਾ ਕਵੀ' ਵੀ ਕਿਹਾ ਜਾਂਦਾ ਹੈ ਜਦੋਂ ਕਿ ਇਹਨਾਂ ਨੂੰ ਛੋਟੀ ਕਵਿਤਾ, ਵੱਡੀ ਕਵਿਤਾ ਅਤੇ ਹਰ ਤਰ੍ਹਾਂ ਦੀ ਕਵਿਤਾ ਉੱਪਰ ਆਬੂਰ ਹਾਸਲ ਹੈ। ਇਹਨਾਂ ਨੇ ਬੜੇ ਖ਼ੂਬਸੂਰਤ ਗੀਤ ਵੀ ਲਿਖੇ ਹਨ 'ਮਹਾਂ ਕੰਬਣੀ' ਇਹਨਾਂ ਦੀ ਵਿਲੱਖਣ, ਬਹੁਤ ਹੀ ਫਿਲਾਸਫਾਨਾ ਅਤੇ ਜ਼ਿੰਦਗੀ ਦੇ ਮਸਲਿਆਂ ਨੂੰ ਬਹੁਤ ਹੀ ਨੇੜਿਓਂ ਛੂੰਹਦੀ ਕਾਵਿਕ ਰਚਨਾ ਹੈ ਅਤੇ ਇਸ ਉੱਪਰ ਇਹਨਾਂ ਨੂੰ ਸਾਹਿਤ ਅਕਾਦਮੀ ਦਾ ਅਵਾਰਡ ਵੀ ਮਿਲਿਆ ਹੈ। ਇਹਨਾਂ ਦੀ ਹਰ ਕਿਤਾਬ ਦਾ ਰੰਗ ਪਹਿਲੀ ਕਵਿਤਾ ਦੇ ਰੰਗ ਨਾਲੋਂ ਵੱਖਰਾ ਹੁੰਦਾ ਹੈ। ਇਹਨਾਂ ਦੀ ਅਖੀਰਲੀ ਕਿਤਾਬ 'ਅੱਕਾਂ ਦੀ ਕਵਿਤਾ' ਵਿੱਚ ਆਮ, ਭੋਲੇ-ਭਾਲੇ ਅਤੇ ਵਿਸਰ ਰਹੇ ਪੇਂਡੂ ਕਿਰਦਾਰਾਂ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਚਿਤਰਿਆ ਗਿਆ ਹੈ। 'ਗੰਠੜੀ' ਇਹਨਾਂ ਦੀਆਂ ਪਿਛਲੀਆਂ ਸਾਰੀਆਂ ਕਿਤਾਬਾਂ 'ਚੋਂ ਲਈਆਂ ਥੋੜ੍ਹੀਆਂ ਥੋੜ੍ਹੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਇਹਨਾਂ ਨੂੰ ਇਹ ਮਾਣ ਵੀ ਹਾਸਲ ਹੈ ਕਿ ਪੰਜਾਬੀ ਕਵੀਆਂ ਵਿੱਚੋਂ ਇਹਨਾਂ ਦੀਆਂ ਕਿਤਾਬਾਂ ਉੱਪਰ ਸਭ ਤੋਂ ਵੱਧ ਵਿਦਿਆਰਥੀਆਂ ਨੇ ਐਮ.ਫਿਲ ਅਤੇ ਪੀਐਚਡੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਵਿਤਾ ਰਚਨ ਦੇ ਨਾਲ ਨਾਲ ਕਮਾਲ ਹੈ ਕਿ ਜਥੇਬੰਦਕ ਕਾਰਜਾਂ



ਵਿੱਚ ਵੀ ਦਰਸ਼ਨ ਬੁੱਟਰ ਦਾ ਕੋਈ ਸਾਨੀ ਨਹੀਂ ਅਤੇ ਇਸ ਦੀ ਬਦੌਲਤ ਹੀ ਇਹ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਦੂਜੀ ਵਾਰ ਸਰਬ ਸੰਮਤੀ ਨਾਲ ਪ੍ਰਧਾਨ ਚੁਣੇ ਗਏ ਹਨ। ਇਹ ਵੀ ਇਹਨਾਂ ਦੀ ਸਿਫਤ ਇਕ ਹੈ ਕਿ ਇਹ ਸਾਹਿਤਿਕ ਕਾਰਜਾਂ ਦੇ ਨਾਲ ਨਾਲ ਜਥੇਬੰਦਕ ਕਾਰਜਾਂ ਨੂੰ ਵੀ ਬਾਖ਼ੂਬੀ ਨਿਭਾਈ ਜਾ ਰਹੇ ਹਨ। ਇਹਨਾਂ ਦਾ ਸਭ ਤੋਂ ਵਿਲੱਖਣ ਕਾਰਜ ਇਹ ਹੈ ਕਿ ਪਿਛਲੇ 25 ਸਾਲ ਤੋਂ ਨਾਭਾ ਵਿਖੇ 'ਕਵਿਤਾ ਉਤਸਵ' ਕਰਵਾ ਰਹੇ ਹਨ ਜਿਸ ਵਿਚ ਪੰਜਾਬ ਅਤੇ ਦੇਸ -ਵਿਦੇਸ਼ ਤੋਂ ਹਰ ਸਾਲ 150 ਦੇ ਕਰੀਬ ਕਵੀ ਸ਼ਾਮਲ ਹੁੰਦੇ ਹਨ ਅਤੇ ਆਪਣੀਆਂ ਕਵਿਤਾਵਾਂ ਪੜ੍ਹਦੇ ਹਨ। ਉੱਥੇ ਸਾਰਾ ਦਿਨ ਨਿਰੋਲ ਕਵਿਤਾ ਦਾ ਦਰਿਆ ਵਗਦਾ ਹੈ। ਦਰਸ਼ਨ ਬੁੱਟਰ ਨੇ ਆਪਣੇ ਜੀਵਨ ਅਤੇ ਸਾਹਿਤ ਰਚਨਾ ਬਾਰੇ ਦਸਦਿਆਂ ਕਿਹਾ ਕਿ 'ਮੇਰੀ ਮਾਂ ਊੜੇ ਦੀ ਉਂਗਲ ਫੜਾ ਕੇ ਤੁਰ ਗਈ ਸੀ, ਉਸ ਦਾ ਚਿਹਰਾ ਵੀ ਮੈਨੂੰ ਯਾਦ ਨਹੀਂ ਪਰ ਉਹਦੇ ਠੂਠੀ 'ਚ ਰਗੜ ਕੇ ਪਾਏ ਹੋਏ ਸੁਰਮੇ ਦੀ ਰੜਕ ਅੱਜ ਤੱਕ ਮੇਰੀਆਂ ਅੱਖਾਂ 'ਚ ਹੈ। ਮੇਰੀ ਕਵਿਤਾ ਵਿਚ ਮਾੜੀ ਮੋਟੀ ਕੋਈ ਸੰਵੇਦਨਾ ਹੈ, ਸਲੀਕਾ ਹੈ ਤਾਂ ਉਹ ਮੈਨੂੰ ਮੇਰੀ ਮਾਂ ਦੀ ਬਖਸ਼ਿਸ਼ ਲੱਗਦਾ ਹੈ। ਮੇਰੇ ਪਿਤਾ ਵੀ ਕਵਿਤਾ ਲਿਖਦੇ ਸਨ। ਉਨ੍ਹਾਂ ਦੀ ਸਟੇਜ ਦੀ ਕਵਿਤਾ ਮੈਨੂੰ ਬਹੁਤ ਚੰਗੀ ਲੱਗਦੀ ਸੀ। ਹੌਲੀ ਹੌਲੀ ਮੈਂ ਵੀ ਮਾੜੀ ਮੋਟੀ ਕਵਿਤਾ ਝਰੀਟਣ ਲੱਗ ਪਿਆ। ਮੈਂ ਦਰਅਸਲ ਇੱਕ ਨਿੱਕੇ ਜਿਹੇ ਪਿੰਡ ਦੇ ਨਿੱਕੇ ਜਿਹੇ ਕਿਸਾਨ ਦਾ ਪੁੱਤ ਅੱਖਰਾਂ ਦੀ ਅਰਾਧਨਾ ਕਰਦਾ ਕਰਦਾ ਇੱਥੋਂ ਤੱਕ ਪਹੁੰਚਿਆ ਹਾਂ। ਰਿਸ਼ਤਿਆਂ ਦੀ ਘਾਟ ਨੇ ਹੀ ਮੈਨੂੰ ਕਵਿਤਾ ਲਿਖਣ ਲਾਇਆ ਹੈ'। ਆਪਣੀ ਕਲਮ ਸਾਧਨਾ ਨੂੰ ਕਾਵਿਕ ਰੰਗ ਵਿਚ ਪੇਸ਼ ਕਰਦਿਆਂ ਦਰਸ਼ਨ ਬੁੱਟਰ ਨੇ ਕਿਹਾ ਕਿ 'ਮੈਂ ਜ਼ਿੰਦਗੀ ਦੇ ਲੰਮੇ ਸਹਿਰਾਅ 'ਚੋਂ ਕੁਝ ਕਣ ਸਾਂਭੇ ਨੇ, ਰੰਗਾਂ ਦੇ ਅਥਾਹ ਸਮੁੰਦਰ 'ਚੋਂ ਕੁਝ ਲਹਿਰਾਂ ਫੜੀਆਂ ਨੇ, ਸ਼ਬਦਾਂ ਦੀ ਕਿਣਮਿਣ 'ਚ ਪਪੀਹੇ ਵਾਂਗ ਕੁੱਝ ਬੂੰਦਾਂ ਚੱਖੀਆਂ ਨੇ, ਖ਼ੁਦੀ ਤੋਂ ਨਾਬਰ ਹੋ ਬੇਖ਼ੁਦੀ ਦੀ ਇਬਾਰਤ ਲਿਖੀ ਏ, ਅੰਨ੍ਹੀ ਗੁਫ਼ਾ 'ਚੋਂ ਟਟਹਿਣੇ ਫੜ੍ਹ ਰਾਤ ਦੇ ਕੇਸਾਂ 'ਚ ਜੜੇ ਨੇ, ਟਿਕ ਟਿਕ ਕਰਦੀਆਂ ਘੜੀਆਂ ਦੀ ਰਫ਼ਤਾਰ 'ਚੋਂ ਚੰਦ ਧੜਕਣਾਂ ਕਸ਼ੀਦੀਆਂ ਨੇ, ਭੁੱਬਲ ਵਿੱਚੋਂ ਚੁਟਕੀ ਕੁ ਭਭੂਤੀ ਕੋਰੇ ਪੰਨਿਆਂ 'ਤੇ ਜਗਾਈ ਹੈ'। 'ਇਹ ਸੰਸਾਰ ਤਾਂ ਬਹੁਤ ਵੱਡਾ ਹੈ, ਬਹੁਤ ਵੱਡੇ ਲੇਖਕ ਨੇ, ਬਹੁਤ ਵੱਡੇ ਫਿਲਾਸਫਰ ਨੇ, ਬਹੁਤ ਵੱਡੇ ਚਿੰਤਕ ਬੈਠੇ ਹਨ, ਅਸੀਂ ਤਾਂ ਇਕ ਕਣੀ ਹਾਂ'। ਦਰਸ਼ਨ ਬੁੱਟਰ ਨੇ ਆਪਣੀਆਂ ਕਾਵਿ ਪੁਸਤਕਾਂ 'ਔੜ ਦੇ ਬੱਦਲ', 'ਸਲ੍ਹਾਬੀ ਹਵਾ', 'ਸ਼ਬਦ. ਸ਼ਹਿਰ ਤੇ ਰੇਤ', 'ਖੜਾਵਾਂ', 'ਦਰਦ ਮਜੀਠੀ', 'ਮਹਾਂ ਕੰਬਣੀ' ਅਤੇ 'ਅੱਕਾਂ ਦੀ ਕਵਿਤਾ' ਵਿਚਲੀਆਂ ਰਚਨਾਵਾਂ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ ਅਤੇ ਇਨ੍ਹਾਂ ਪੁਸਤਕਾਂ ਵਿਚਲੀਆਂ ਬਹੁਤ ਹੀ ਭਾਵਪੂਰਤ ਰਚਨਾਵਾਂ ਦੇ ਵੱਖ ਵੱਖ ਕਾਵਿਕ ਰੰਗਾਂ ਦੀ ਖ਼ੁਸ਼ਬੂ ਨਾਲ ਸਮੁੱਚਾ ਮਾਹੌਲ ਮਹਿਕਾਅ ਦਿੱਤਾ। ਪ੍ਰੋਗਰਾਮ ਦੇ ਆਗਾਜ਼ ਵਿਚ ਵੈਨਕੂਵਰ ਵਿਚਾਰ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਵਿਸ਼ੇਸ਼ ਤੌਰ 'ਤੇ ਦਰਸ਼ਨ ਬੁੱਟਰ ਦੀ ਆਮਦ ਨੂੰ ਮੰਚ ਦਾ ਸੁਭਾਗ ਆਖਿਆ। ਮੰਚ ਦਾ ਸੰਚਾਲਨ ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੇ ਕੀਤਾ। ਅੰਗਰੇਜ਼ ਬਰਾੜ ਨੇ ਅੰਤ ਵਿਚ ਸਭਨਾਂ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਵਿਚ ਹੋਰਨਾਂ ਤੋਂ ਇਲਾਵਾ ਨਾਮਵਰ ਵਿਦਵਾਨ ਡਾ. ਸਾਧੂ ਸਿੰਘ, ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਪ੍ਰਸਿੱਧ ਸ਼ਾਇਰ ਅਜਮੇਰ ਰੋਡੇ, ਸੁਰਜੀਤ ਕਲਸੀ, ਰਾਜਵੰਤ ਰਾਜ, ਹਰਦਮ ਸਿੰਘ ਮਾਨ, ਭੁਪਿੰਦਰ ਮੱਲ੍ਹੀ, ਡਾ. ਸੁਖਵਿੰਦਰ ਵਿਰਕ, ਨਵਰੂਪ ਸਿੰਘ, ਹਰਿੰਦਰਜੀਤ ਸੰਧੂ, ਅਮਨ ਸੀ ਸਿੰਘ, ਡਾ. ਸ਼ਬਨਮ ਮੱਲ੍ਹੀ, ਅਸ਼ੋਕ ਭਾਰਗਵ, ਪ੍ਰੋ. ਅਵਤਾਰ ਵਿਰਦੀ, ਨਵਲਪ੍ਰੀਤ ਰੰਗੀ, ਮਹਿੰਦਰਪਾਲ ਸਿੰਘ ਪਾਲ ਅਤੇ ਕੁਲਦੀਪ ਸਿੰਘ ਬਾਸੀ ਸ਼ਾਮਲ ਸਨ।





mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


TRANSource
FREIGHTWAYS
ਕੰਮ ਲਈ Drivers and
Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ
ਅਲਬਰਟਾ ਤੋਂ ਬੀ ਸੀ
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ
ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ
ਅਤੇ ਬਚਿਆਂ ਨਾਲ ਕੀਮਤੀ
ਸਮਾਂ ਬਿਤਾ ਸਕਦੇ ਹੋ।
BC - ALBERTA
ALBERTA - BC
Fuel and Insurance Paid
by Company
NO DEDUCTIONS!!
ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604-808-9805
Email:safety@transourcefreightways.com


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਇੰਟਰਨੈਸ਼ਨਲ ਪੰਜਾਬੀ ਫੋਕ ਆਰਟ ਸੁਸਾਇਟੀ ਵੈਨਕੂਵਰ ਵੱਲੋਂ ਚਾਰ ਰੋਜ਼ਾ ਅੰਤਰਰਾਸ਼ਟਰੀ ਲੋਕ ਨਾਚ ਮੇਲਾ

## ਕੈਨੇਡਾ, ਅਮਰੀਕਾ, ਇੰਗਲੈਂਡ, ਪੰਜਾਬ, ਨਿਊਜ਼ੀਲੈਂਡ ਅਤੇ ਆਸਟਰੇਲੀਆ ਤੋਂ ਸ਼ਾਮਲ ਹੋਈਆਂ ਕਲਾਕਾਰ ਟੀਮਾਂ







ਸਰੀ (ਹਰਦਮ ਮਾਨ)-ਇੰਟਰਨੈਸ਼ਨਲ ਪੰਜਾਬੀ ਫੋਕ ਆਰਟ ਸੁਸਾਇਟੀ ਵੈਨਕੂਵਰ ਵੱਲੋਂ ਪੰਜਾਬੀ ਸੱਭਿਆਚਾਰ ਦੇ ਪ੍ਰਚਾਰ ਪਸਾਰ ਹਿੱਤ ਇੱਥੇ ਪਹਿਲੀ ਵਾਰ ਚਾਰ ਰੋਜ਼ਾ ਅੰਤਰਰਾਸ਼ਟਰੀ ਲੋਕ ਨਾਚ ਮੇਲਾ 'ਵਰਡ ਫੋਕ ਫੈਸਟੀਵਲ' ਬੈਨਰ ਹੇਠ ਕਰਵਾਇਆ ਗਿਆ। ਸੁਸਾਇਟੀ ਦੇ ਮੁੱਖ ਬੁਲਾਰੇ ਡਾ. ਸੁਖਵਿੰਦਰ ਸਿੰਘ ਵਿਰਕ ਨੇ ਮੇਲੇ ਦੀ ਵਿਸ਼ੇਸ਼ਤਾ ਦੱਸਦੇ ਹੋਏ ਕਿਹਾ ਕਿ ਕਨੇਡਾ ਦੀ ਧਰਤੀ 'ਤੇ ਪਹਿਲੀ ਵਾਰ ਗਿੱਧੇ ਅਤੇ ਭੰਗੜੇ ਤੋਂ ਇਲਾਵਾ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਖੇਤਰੀ ਲੋਕ ਨਾਚ ਝੂਮਰ, ਸੰਮੀ, ਲੁੱਡੀ, ਮਲਵਈ ਗਿੱਧਾ ਅਤੇ ਲੋਕ ਗੀਤਾਂ ਦੇ ਬਹੁਤ ਹੀ ਰੋਮਾਂਚਿਕ ਮੁਕਾਬਲੇ ਦੇਖਣ ਨੂੰ ਮਿਲੇ। ਜਿੱਥੇ ਇਸ ਮੇਲੇ ਵਿੱਚ ਅਮਰੀਕਾ, ਇੰਗਲੈਂਡ, ਟੋਰਾਂਟੋ, ਐਡਮਿੰਟਨ, ਕੈਲਗਰੀ ਅਤੇ ਲੋਕਲ ਟੀਮਾਂ ਨੇ ਲਾਈਵ ਸਟੇਜ ਪੇਸ਼ਕਾਰੀ ਵਿੱਚ ਹਿੱਸਾ ਲਿਆ ਉੱਥੇ ਨਾਲ ਹੀ ਭਾਰਤੀ ਪੰਜਾਬ, ਨਿਊਜ਼ੀਲੈਂਡ, ਆਸਟਰੇਲੀਆ ਆਦਿ ਦੇਸ਼ਾਂ ਤੋਂ ਬਹੁਤ ਸਾਰੀਆਂ ਟੀਮਾਂ ਨੇ ਆਨਲਾਈਨ ਮੁਕਾਬਲਿਆਂ ਵਿੱਚ ਹਿੱਸਾ ਲਿਆ। ਮੁਕਾਬਲਿਆਂ ਦੀ ਜੱਜਮੈਂਟ ਦਾ ਪ੍ਰਬੰਧ ਬਹੁਤ ਹੀ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਗਿਆ।



ਵੱਖ-ਵੱਖ ਸੈਸ਼ਨ ਦੀ ਪ੍ਰਧਾਨਗੀ ਕਰਨ ਲਈ ਉੱਘੀਆਂ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ ਜਿਨ੍ਹਾਂ ਵਿੱਚ ਰੂਬੀ ਕੈਂਬਲ (ਸਿਟੀ ਕੌਂਸਲਰ ਨਿਊ ਵੈਸਟ ਮਿਨਸਟਰ), ਜਗਰੂਪ ਬਰਾੜ (ਮਨਿਸਟਰ ਆਫ ਸਟੇਟ ਫਾਰ ਟਰੇਡ ਬੀਸੀ), ਉੱਘੇ ਲੋਕਧਾਰਾ ਵਿਗਿਆਨੀ ਡਾ. ਨਾਹਰ ਸਿੰਘ ਅਤੇ ਉੱਘੇ ਸਾਹਿਤਕਾਰ ਡਾ. ਗੋਪਾਲ ਸਿੰਘ ਬੁੱਟਰ ਸ਼ਾਮਿਲ ਸਨ। ਜਗਰੂਪ ਬਰਾੜ ਅਤੇ ਡਾ. ਨਾਹਰ ਸਿੰਘ ਨੇ ਇਨ੍ਹਾਂ ਮੇਲਿਆਂ ਦੀ ਸੱਭਿਆਚਾਰਕ ਅਹਿਮੀਅਤ ਬਾਰੇ ਚਾਨਣਾ ਪਾਉਂਦੇ ਹੋਏ ਇਨ੍ਹਾਂ ਨੂੰ ਅਗਲੇ ਸਾਲਾਂ ਵਿੱਚ ਜਾਰੀ ਰੱਖਣ ਦੀ ਵਕਾਲਤ ਕੀਤੀ। ਸਮੁੱਚੇ ਮੇਲੇ ਦਾ ਮੰਚ ਸੰਚਾਲਨ ਡਾ. ਸੁਖਵਿੰਦਰ ਵਿਰਕ, ਭੁਪਿੰਦਰ ਮਾਂਗਟ ਅਤੇ ਔਜਲਾ ਨੇ ਬਾਖ਼ੂਬੀ ਨਿਭਾਇਆ।

ਇੰਟਰਨੈਸ਼ਨਲ ਪੰਜਾਬੀ ਫੋਕ ਆਰਟ ਸੋਸਾਇਟੀ ਦੇ ਮੁੱਖ ਪ੍ਰਬੰਧਕ ਚਰਨਜੀਤ ਸਿੰਘ ਸੈਣੀ, ਪਰਮਜੀਤ ਸਿੰਘ, ਕੁਲਵਿੰਦਰ ਹੇਅਰ, ਗੁਰਬਚਨ ਸਿੰਘ ਖੁੱਡੇਵਾਲੀਆ, ਅਮਰਜੀਤ ਸਿੰਘ ਔਜਲਾ, ਨਵਰੂਪ ਸਿੰਘ, ਹਰਜਾਪ ਸਿੰਘ ਅਟਵਾਲ, ਬਲਜੀਤ ਸਿੰਘ ਪੱਤਰ ਨੇ ਮੇਲੇ ਦੀ ਕਾਮਯਾਬੀ ਲਈ ਸਾਰੀਆਂ ਟੀਮਾਂ, ਸਹਿਯੋਗੀਆਂ ਅਤੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਮੇਲੇ ਨੂੰ ਭਵਿੱਖ ਵਿਚ ਵੀ ਇਸੇ ਤਰ੍ਹਾਂ ਜਾਰੀ ਰੱਖਿਆ ਜਾਵੇਗਾ। ਸਮੁੱਚੇ ਮੁਕਾਬਲਿਆਂ ਦੇ ਨਤੀਜੇ ਇਸ ਪ੍ਰਕਾਰ ਹਨ-

ਲੋਕ ਗੀਤ (ਜੂਨੀਅਰਜ਼): ਮੰਨਤ ਚਾਹਲ ਵਿੰਨੀਪੈੱਗ - ਪਹਿਲਾ ਸਥਾਨ ਤੇ ਅਗਮਬੀਰ ਚਾਹਲ ਵਿੰਨੀਪੈੱਗ - ਦੂਜਾ ਸਥਾਨ।

ਲੋਕ ਗੀਤ (ਸੀਨੀਅਰਜ਼): ਬਲਜੀਤ ਕੌਰ - ਸੰਗੀਤ ਮਹਿਲ ਸਰੀ - ਪਹਿਲਾ ਸਥਾਨ, ਮੰਨਤ ਚਾਹਲ ਵਿੰਨੀਪੈੱਗ - ਦੂਜਾ ਸਥਾਨ ਅਤੇ ਦਰਸ਼ਦੀਪ ਸਿੰਘ - ਸੰਗੀਤ ਮਹਿਲ ਸਰੀ - ਤੀਜਾ ਸਥਾਨ।

ਭੰਗੜਾ (ਮਿਊਜ਼ਕ) ਜੂਨੀਅਰਜ਼: ਕੋਹੀਨੂਰ ਵਿਹੜੇ ਦੀਆਂ ਰੌਣਕਾਂ ਸਰੀ - ਪਹਿਲਾ ਸਥਾਨ, ਯੰਗ ਭੰਗੜਾ ਕੈਲਗਰੀ - ਦੂਜਾ ਸਥਾਨ ਅਤੇ ਫੋਕ ਕਰਿਊ ਡਾਂਸ ਅਕੈਡਮੀ ਕੈਲਗਰੀ ਤੇ ਦਸਮੇਸ਼ ਸਕੂਲ ਵਿੰਨੀਪੈੱਗ - ਤੀਜਾ ਸਥਾਨ।

ਝੂਮਰ (ਜੂਨੀਅਰਜ਼): ਮਾਲਵਾ ਫੋਕ ਆਰਟ ਸੈਂਟਰ ਸਰੀ - ਪਹਿਲਾ ਸਥਾਨ ਅਤੇ ਫੋਕ ਕਰਿਊ ਡਾਂਸ ਅਕੈਡਮੀ ਕੈਲਗਰੀ - ਦੂਜਾ ਸਥਾਨ।

ਜਿੰਦੂਆ: ਫੋਕ ਕਰਿਊ ਡਾਂਸ ਅਕੈਡਮੀ ਕੈਲਗਰੀ - ਪਹਿਲਾ ਸਥਾਨ।

ਗਿੱਧਾ (ਮਿਊਜ਼ਕ) ਜੂਨੀਅਰਜ਼: ਵੀਸੀਏ ਵਿਰਾਸਤੀ ਛਣਕਾਰ ਅਕੈਡਮੀ ਕੈਲਗਰੀ - ਪਹਿਲਾ ਸਥਾਨ, ਵਾਈਵਾਈ ਸੀ ਗਿੱਧਾ ਐਂਡ ਫੋਕ ਅਕੈਡਮੀ ਕੈਲਗਰੀ - ਦੂਜਾ ਸਥਾਨ ਅਤੇ ਤ੍ਰਿੰਜਣਾ ਆਇਰਲੈਂਡ - ਤੀਜਾ ਸਥਾਨ।

ਗਿੱਧਾ (ਮਿਊਜ਼ਕ) ਸੀਨੀਅਰਜ਼: ਪੰਜਾਬੀ ਹੈਰੀਟੇਜ ਐਂਡ ਫੋਕ ਅਕੈਡਮੀ (ਪੀਐਚਐਫ) ਐਡਮਿੰਟਨ - ਪਹਿਲਾ ਸਥਾਨ, ਏਬੀਸੀ ਅਰਦਬ ਮੁਟਿਆਰਾਂ ਸਿਆਟਲ ਅਤੇ ਵੀਸੀਏ ਵਿਰਾਸਤੀ ਛਣਕਾਰ ਅਕੈਡਮੀ ਕੈਲਗਰੀ - ਦੂਜਾ ਸਥਾਨ ਅਤੇ ਸੁਨਹਿਰੀ ਪਿੱਪਲ ਪੱਤੀਆਂ ਸਰੀ - ਤੀਜਾ ਸਥਾਨ।






ਭਗੰੜਾ (ਮਿਊਜ਼ਕ) ਸੀਨੀਅਰਜ਼ : ਨੱਚਦਾ ਪੰਜਾਬ ਕੈਲਗਰੀ - ਪਹਿਲਾ ਸਥਾਨ, ਅਰਦਬ ਮੁਟਿਆਰਾਂ ਬਰੈਂਪਟਨ - ਦੂਜਾ ਸਥਾਨ ਅਤੇ ਸੁਨਹਿਰੀ ਫੋਕ ਆਰਟਸ ਕਲੱਬ ਸਰੀ - ਤੀਜਾ ਸਥਾਨ।

ਝੂਮਰ (ਸੀਨੀਅਰਜ਼): ਪੰਜਾਬੀ ਫੋਕ ਡਾਂਸ ਅਕੈਡਮੀ ਐਡਮਿੰਟਨ - ਪਹਿਲਾ ਸਥਾਨ ਅਤੇ ਵਿੰਨੀਪੈੱਗ ਪੰਜਾਬੀ ਆਰਟਸ ਅਕੈਡਮੀ - ਦੂਜਾ ਸਥਾਨ।

ਲੁੱਡੀ: ਪੰਜਾਬੀ ਹੈਰੀਟੇਜ ਐਂਡ ਫੋਕ ਅਕੈਡਮੀ (ਪੀਐਚਐਫ) ਐਡਮਿੰਟਨ - ਪਹਿਲਾ ਸਥਾਨ, ਫੋਕ ਸਟਾਰ ਆਰਟਸ ਅਕੈਡਮੀ ਸਰੀ - ਦੂਜਾ ਸਥਾਨ ਅਤੇ ਪੰਜ-ਆਬ ਪ੍ਰਫਾਰਮਿਗ ਆਰਟਸ ਕੈਲਗਰੀ - ਤੀਜਾ ਸਥਾਨ।

ਫੋਕ ਆਰਕੈਸਟਰਾ: ਸੰਗੀਤ ਮਹਿਲ ਸਰੀ - ਪਹਿਲਾ ਸਥਾਨ ਅਤੇ ਫੋਕ ਕਰਿਊ ਡਾਂਸ ਅਕੈਡਮੀ ਕੈਲਗਰੀ - ਦੂਜਾ ਸਥਾਨ।

ਮਲਵਈ ਗਿੱਧਾ: ਫੋਕ ਕਰਿਊ ਡਾਂਸ ਅਕੈਡਮੀ ਕੈਲਗਰੀ - ਪਹਿਲਾ ਸਥਾਨ।

ਗਿੱਧਾ (ਲਾਈਵ) ਜੂਨੀਅਰਜ਼: ਫੋਕ ਕਰਿਊ ਡਾਂਸ ਅਕੈਡਮੀ ਕੈਲਗਰੀ - ਪਹਿਲਾ ਸਥਾਨ।

ਗਿੱਧਾ (ਲਾਈਵ) ਸੀਨੀਅਰਜ਼: ਗਿੱਧਾ ਮੇਲਣਾ ਦਾ ਸਰੀ - ਪਹਿਲਾ ਸਥਾਨ, ਪੰਜ-ਆਬ ਪ੍ਰਫਾਰਮਿਗ ਆਰਟਸ ਕੈਲਗਰੀ - ਦੂਜਾ ਸਥਾਨ ਅਤੇ ਫੋਕ ਕਰਿਊ ਡਾਂਸ ਅਕੈਡਮੀ ਕੈਲਗਰੀ - ਤੀਜਾ ਸਥਾਨ।

ਭੰਗੜਾ (ਲਾਈਵ) ਜੂਨੀਅਰਜ਼: ਪੰਜਾਬੀ ਹੈਰੀਟੇਜ ਐਂਡ ਫੋਕ ਅਕੈਡਮੀ (ਪੀਐਚਐਫ) ਐਡਮਿੰਟਨ - ਪਹਿਲਾ ਸਥਾਨ, ਮਾਲਵਾ ਫੋਕ ਆਰਟ ਸੈਂਟਰ ਸਰੀ - ਦੂਜਾ ਸਥਾਨ ਅਤੇ ਫੋਕ ਕਰਿਊ ਡਾਂਸ ਅਕੈਡਮੀ ਕੈਲਗਰੀ - ਤੀਜਾ ਸਥਾਨ।

ਭੰਗੜਾ (ਲਾਈਵ) ਸੀਨੀਅਰਜ਼: ਪੰਜਾਬੀ ਲੋਕ ਨਾਚ ਅਕੈਡਮੀ ਟੋਰਾਂਟੋ - ਪਹਿਲਾ ਸਥਾਨ, ਪੰਜਾਬੀ ਫੋਕ ਡਾਂਸ ਅਕੈਡਮੀ ਐਡਮਿੰਟਨ ਤੇ ਪੰਜਾਬੀ ਹੈਰੀਟੇਜ ਐਂਡ ਫੋਕ ਅਕੈਡਮੀ (ਪੀਐਚਐਫ) ਐਡਮਿੰਟਨ - ਦੂਜਾ ਸਥਾਨ ਅਤੇ ਵਸਦਾ ਪੰਜਾਬ ਯੂ.ਕੇ. - ਤੀਜਾ ਸਥਾਨ।

ਗਿੱਧਾ (ਲਾਈਵ) ਵਿੱਚੋਂ ਸੁਖਮਨ (ਪੰਜ ਆਬ ਪ੍ਰਫਾਰਮਿਗ ਆਰਟਸ ਕੈਲਗਰੀ) ਤੇ ਸੁਖਪ੍ਰੀਤ (ਗਿੱਧਾ ਮੇਲਣਾ ਦਾ ਸਰੀ) ਅਤੇ ਭੰਗੜਾ (ਲਾਈਵ) ਵਿੱਚੋਂ ਸੁਖ (ਵਸਦਾ ਪੰਜਾਬ ਯੂ.ਕੇ.) ਤੇ ਯੁਵੀ (ਪੀਐਚਐਫ ਐਡਮਿੰਟਨ) ਨੂੰ ਬੈਸਟ ਡਾਂਸਰਜ਼ ਨਾਲ ਨਿਵਾਜਿਆ ਗਿਆ।








OASIS WINDOWS INC.
OASIS WINDOWS
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
ENERGY STAR
MEMBER BBB BC Mainland
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty




"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)



Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
TEJINDER GREWAL: 604-837-3101
License No. 562




# 25 ਹਜ਼ਾਰ ਡਾਲਰ ਦਾ ਢਾਹਾਂ ਸਾਹਿਤ ਪੁਰਸਕਾਰ ਦੀਪਤੀ ਬਬੂਟਾ ਨੂੰ

## 10-10 ਡਾਲਰ ਦੇ ਪੁਰਸਕਾਰ ਬਲੀਜੀਤ ਤੇ ਜਮੀਲ ਅਹਿਮਦ ਪਾਲ ਨੂੰ

ਸਰੀ (ਦੇ. ਪ੍ਰ. ਬਿ.)-ਅੱਜ ਸ਼ਾਮ ਇਥੇ ਨਾਰਥ ਵਿਊ ਗੋਲਫ ਕਲੱਬ ਵਿਖੇ ਢਾਹਾਂ ਸਾਹਿਤ ਪੁਰਸਕਾਰ ਵੰਡ ਸਮਾਰੋਹ ਦੌਰਾਨ 25 ਹਜ਼ਾਰ ਡਾਲਰ ਦਾ ਪਹਿਲਾ ਇਨਾਮ ਕਹਾਣੀਕਾਰਾ ਦੀਪਤੀ ਬਬੂਟਾ ਦੇ ਕਹਾਣੀ ਸੰਗ੍ਰਿਹ "ਭੁੱਖ ਇਉਂ ਸਾਹ ਲੈਂਦੀ ਹੈ" ਨੂੰ ਦਿੱਤਾ ਗਿਆ। ਇਥੇ ਕਰਵਾਏ ਗਏ ਸਮਾਗਮ ਵਿਚ ਸ਼ਾਮਿਲ ਸ਼ਹਿਰ ਦੀਆਂ ਉਘੀਆਂ ਸ਼ਖਸੀਅਤਾਂ, ਉਘੇ ਲੇਖਕਾਂ ਤੇ ਸਾਹਿਤ ਪ੍ਰੇਮੀਆਂ ਦੀ ਹਾਜ਼ਰੀ ਵਿਚ ਇਹ ਇਨਾਮ ਢਾਹਾਂ ਸਾਹਿਤ ਕਮੇਟੀ ਦੀ ਜਿਊਰੀ ਵਲੋਂ ਕੀਤੀ ਗਈ ਚੋਣ ਮੁਤਾਬਿਕ ਤਿੰਨ ਸਾਹਿਤਕਾਰਾਂ ਨੂੰ ਵੰਡੇ ਗਏ। ਦੀਪਤੀ ਬਬੂਟਾ ਨੂੰ 25 ਹਜ਼ਾਰ ਡਾਲਰ ਦੇ ਇਨਾਮ ਤੋਂ ਇਲਾਵਾ 10-10 ਹਜ਼ਾਰ ਡਾਲਰ ਦੇ ਇਨਾਮ ਪਾਕਿਸਤਾਨੀ ਲੇਖਕ ਜਮੀਲ ਅਹਿਮਦ ਪਾਲ ਨੂੰ ਉਹਨਾਂ ਦੇ ਕਹਾਣੀ ਸੰਗ੍ਰਹਿ "ਮੈਂਡਲ ਦਾ ਕਨੂੰਨ" ਅਤੇ ਬਲੀਜੀਤ ਨੂੰ ਉਹਨਾਂ ਦੇ ਕਹਾਣੀ ਸੰਗ੍ਰਿਹ "ਉਚੀਆਂ ਆਵਾਜ਼ਾਂ" ਲਈ ਦਿੱਤੇ ਗਏ। ਇਸਤੋਂ ਪਹਿਲਾਂ ਉਘੀ ਕਵਿਤਰੀ ਤੇ ਕਲਾਕਾਰ ਕੀਰਤ ਕੌਰ ਨੇ ਮੁੱਖ ਬੁਲਾਰੀ ਵਜੋਂ ਦਰਸ਼ਕਾਂ ਤੇ ਸਰੋਤਿਆਂ ਨਾਲ ਸਾਂਝ ਪਾਈ ਤੇ ਸੰਗੀਤਕ ਧੁਨਾਂ ਦੌਰਾਨ ਦੋ ਪੰਜਾਬੀ ਗੀਤ ਵੀ ਗਾ ਕੇ ਸੁਣਾਏ। ਮੰਚ ਸੰਚਾਲਨ ਦੀ ਜਿੰਮੇਵਾਰੀ ਆਰ ਸੀ ਐਮ ਪੀ ਦੇ ਪਹਿਲੇ ਸਿੱਖ ਅਫਸਰ ਬਲਤੇਜ ਸਿੰਘ ਢਿੱਲੋਂ ਨੇ ਅੰਗਰੇਜੀ ਤੇ ਪੰਜਾਬੀ ਭਾਸ਼ਾਵਾਂ ਵਿਚ ਬਾਖੂਬੀ ਨਿਭਾਈ। ਇਸ ਮੌਕੇ ਸਰੀ ਦੀ ਮੇਅਰ ਬਰੈਂਡਾ ਲੌਕ, ਸਿੱਖਿਆ ਮੰਤਰੀ ਰਚਨਾ ਸਿੰਘ, ਪਾਕਿਸਤਾਨ ਦੇ ਸਾਬਕਾ ਐਮ ਪੀ ਰਾਏ ਅਜ਼ੀਜ਼ ਉਲ਼ਾ ਖਾਨ , ਸਾਬਕਾ ਪ੍ਰੀਮੀਅਰ ਉਜਲ ਦੋਸਾਂਝ, ਡਾ ਰਘਬੀਰ ਸਿੰਘ ਸਿਰਜਣਾ, ਅਜਮੇਰ ਰੋਡੇ, ਡਾ ਸਾਧੂ ਬਿਨਿੰਗ, ਨਾਵਲਕਾਰ ਜਰਨੈਲ ਸਿੰਘ ਸੇਖਾ, ਅਵਤਾਰ ਸਿੰਘ ਬਿਲਿੰਗ, ਮੋਹਣ ਗਿੱਲ, ਹੈਰੀ ਕੂਨਰ, ਪਿਕਸ ਦੇ ਸੀਈਓ ਸਤਬੀਰ ਸਿੰਘ ਚੀਮਾ, ਡਾ ਰਾਮਿੰਦਰ ਕੰਗ ਇੰਦਰਜੀਤ ਹੁੰਦਲ, ਉਘੇ ਬਿਜਨੈਸਮੈਨ ਅਮਰੀਕ ਸੰਘਾ, ਸਾਬੀ ਖਹਿਰਾ, ਮਲਕੀਤ ਸਿੰਘ ਧਾਮੀ, ਜਰਨੈਲ ਸਿੰਘ ਭੰਡਾਲ, ਗੁਰਬਖਸ਼ ਸਿੰਘ ਸੰਘੇੜਾ, ਅਨੀਤਾ ਹੁਬਰਮੈਨ, ਜੈਗ ਖੋਸਾ, ਨਵਜੋਤ ਢਿੱਲੋਂ, ਦਿਲਬਰ ਕੰਗ ਤੇ ਹੋਰ ਵਿਸ਼ੇਸ਼ ਮਹਿਮਾਨਾਂ ਵਿਚ ਸ਼ਾਮਿਲ ਸਨ। ਢਾਹਾਂ ਸਾਹਿਤ ਪੁਰਸਕਾਰ ਕਮੇਟੀ ਦੇ ਚੇਅਰਮੈਨ ਬਰਜਿੰਦਰ ਸਿੰਘ ਬਾਰਜ ਢਾਹਾਂ ਨੇ ਢਾਹਾਂ ਸਾਹਿਤ ਪੁਰਸਕਾਰ ਜੇਤੂਆਂ ਨੂੰ ਵਧਾਈ ਦਿੱਤੀ ਤੇ ਪੁਰਸਕਾਰ ਵੰਡ ਸਮਾਰੋਹ ਵਿਚ ਸ਼ਾਮਿਲ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪੁਰਸਕਾਰ ਜੇਤੂ ਲੇਖਕਾਂ ਨੇ ਵੀ ਆਪਣੇ ਵਿਚਾਰਾਂ ਦੀ ਸਾਂਝ ਪਾਈ ਤੇ ਢਾਹਾਂ ਪੁਰਸਕਾਰ ਕਮੇਟੀ ਦਾ ਧੰਨਵਾਦ ਕੀਤਾ।




**Buying Your Home?**

**Need a Quick Approval for Pre-Sale of Condo?**

Ranked One of The "TOP MORTGAGE BROKERS" in Canada

2022 TOP 75 BROKERS

plus BONUS* FREE LEGAL FEE & APPRAISAL



Our Symbol of Care & Service

Superior Mortgage
Unit 244-8138-128 Street, Surrey
604 507 1000


# ਵਿਨੀਪੈਗ ਵਿਚ ਗੋਲੀਬਾਰੀ ਦੌਰਾਨ ਓਨਟਾਰੀਓ ਦੇ ਵਿਅਕਤੀ ਦੀ ਮੌਤ

ਵਿਨੀਪੈਗ-ਇਥੇ ਗੋਲੀਬਾਰੀ ਦੌਰਾਨ ਓਨਟਾਰੀਓ ਦੇ ਇਕ ਵਿਅਕਤੀ ਦੀ ਮੌਤ ਹੋ ਜਾਣ ਪਿੱਛੋਂ ਵਿਨੀਪੈਗ ਪੁਲਿਸ ਸਰਵਿਸ ਨੇ ਇਕ ਕਿਸ਼ੋਰ ਲੜਕੇ ਨੂੰ ਗ੍ਰਿਫ਼ਤਾਰ ਕੀਤਾ ਹੈ। ਪਿਛਲੇ ਦਿਨੀ ਜਦੋਂ ਪੁਲਿਸ ਨੂੰ ਬੈਨਾਟਾਈਨ ਐਵੀਨਿਊ ਦੇ 500 ਬਲਾਕ ਵਿਚ ਗੋਲੀਬਾਰੀ ਪਿੱਛੋਂ ਬੁਲਾਇਆ ਗਿਆ ਤਾਂ ਪੁਲਿਸ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ। ਅਧਿਕਾਰੀ ਜਦੋਂ ਮੌਕੇ 'ਤੇ ਪੁੱਜੇ ਤਾਂ ਉਨ੍ਹਾਂ ਨੂੰ ਇਕ ਨੌਜਵਾਨ ਜ਼ਖ਼ਮੀ ਹਾਲਤ ਵਿਚ ਮਿਲਿਆ ਜਿਸ ਨੂੰ ਛੇਤੀ ਹੀ ਮੌਕੇ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ। ਹੋਮੀਸਾਈਡ ਯੂਨਿਟ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਮਾਰੇ ਗਏ ਵਿਅਕਤੀ ਦੀ ਪਛਾਣ ਬਰੈਂਪਟਨ ਵਾਸੀ 20 ਸਾਲਾ ਨੌਜਵਾਨ ਫੈਰੇਲ ਆਸਰੇ ਵਜੋਂ ਕੀਤੀ ਗਈ ਹੈ। ਪੁਲਿਸ ਨੇ 15 ਸਾਲਾ ਕਿਸ਼ੋਰ 'ਤੇ ਮੈਨਸਲਾਟਰ ਸਮੇਤ ਕਈ ਦੋਸ਼ ਲਗਾਏ ਹਨ।


**ROHITA PANNU LAW CORPORATION**




BARRISTER & SOLICITOR

SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

Ph: 604.589.1399

Fax : 604.589.1556
www.rohitapannulaw.com

# 102-9278, 120th St.,
Surrey, BC V3V 4W8


ਲੜੀਵਾਰ...

ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼

## ਸਭੁ ਦੇਸੁ ਪਰਾਇਆ

(ਸਵੈ-ਜੀਵਨੀ)

# ਕੁਰਕਸ਼ੇਤਰ ਵਾਸ




ਸੰਨ 1965 ਵਿੱਚ ਅਸੀਂ ਪਿੰਡ (ਦੁਸਾਂਝ ਕਲਾਂ) ਵਾਲੀ ਜ਼ਮੀਨ ਵੇਚ ਕੇ ਕਰਜ਼ਾ ਵਗੈਰਾ ਲਾਹ ਕੇ ਕਰਨਾਲ (ਹੁਣ ਕੁਰਕਸ਼ੇਤਰ) ਜ਼ਿਲੇ ਦੇ ਪਿੰਡ ਹੀਂਗਾਖੇੜੀ ਵਿੱਚ 23 (ਤੇਈ ਏਕੜ) ਜ਼ਮੀਨ ਖਰੀਦ ਲਈ, ਮੈਨੂੰ ਸਿੱਖ ਮਿਸ਼ਨ (ਹਰਿਆਣਾ) ਵਿੱਚ ਸਹਾਇਕ ਰਾਗੀ ਦੀ ਨੌਕਰੀ ਮਿਲ ਗਈ। ਉਦੋਂ ਅਜੇ ਹਰਿਆਣਾ ਨਹੀਂ ਸੀ ਬਣਿਆ। ਸਿੱਖ ਮਿਸ਼ਨ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦਾ ਦਫ਼ਤਰ ਗੁਰਦੁਆਰਾ ਪਾਤਸ਼ਾਹੀ ਛੇਵੀਂ ਦੇ ਨਾਲ ਦੀ ਇੱਕ ਬਿਲਡਿੰਗ ਵਿੱਚ ਸੀ। ਉਦੋਂ ਮਿਸ਼ਨ ਦੇ ਇੰਚਾਰਜ ਗਿਆਨੀ ਫੌਜਾ ਸਿੰਘ ਸਾਬਕਾ ਜੱਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਸਨ। ਸਾਡੀ ਡਿਊਟੀ ਇਸ ਇਲਾਕੇ ਦੇ ਪਿੰਡਾਂ ਵਿੱਚ ਜਾ ਕੇ ਧਰਮ ਪ੍ਰਚਾਰ ਕਰਨਾ ਹੁੰਦਾ ਸੀ। ਜੱਥੇ ਨਾਲ ਇੱਕ ਪ੍ਰਚਾਰਕ ਵੀ ਵੱਖਰਾ ਹੁੰਦਾ ਸੀ ਜੋ ਕੀਰਤਨ ਤੋਂ ਬਾਅਦ ਲੈਕਚਰ ਕਰਦਾ ਸੀ। ਭਾਵੇਂ ਮੈਂ ਪ੍ਰਚਾਰਕ ਦਾ ਕੋਰਸ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ 1960 ਤੋਂ 1962 ਦੀ ਕਲਾਸ ਵਿੱਚ ਕੀਤਾ ਸੀ। ਪਰ ਮੈਨੂੰ ਪ੍ਰਚਾਰਕ ਦੀ ਨੌਕਰੀ ਕਦੇ ਨਾ ਮਿਲੀ। ਦੋ ਘਟਨਾਵਾਂ ਦਾ ਜ਼ਿਕਰ ਇਸ ਸਬੰਧੀ ਕੁਥਾਂ ਨਹੀਂ ਹੋਵੇਗਾ। ਪਹਿਲੀ 1963 ਦੀ ਹੈ ਜਦੋਂ ਮੈਂ ਆਪਣੇ ਹੀ ਪਿੰਡ ਦੁਸਾਂਝ ਕਲਾਂ ਵਿਖੇ ਧਾਰਮਿਕ ਤੇ ਪੰਜਾਬੀ ਟੀਚਰ ਸਾਂ। ਵਿਡੰਬਨਾ ਦੇਖੋ ਸ਼ਿਵ ਸਿੰਘ ਚਪੜਾਸੀ ਦੀ ਤਨਖਾਹ 60 ਰੁਪਏ ਤੇ ਮੈਨੂੰ 55 ਰੁਪਏ ਮਹੀਨਾ ਤਨਖਾਹ ਮਿਲਦੀ ਸੀ। ਉਹ ਵੀ ਸ਼੍ਰੋਮਣੀ ਕਮੇਟੀ ਖਾਲਸਾ ਸਕੂਲਾਂ ਦੇ ਧਾਰਮਿਕ ਟੀਚਰਾਂ ਨੂੰ ਸਹਾਇਤਾ ਦੇ ਤੌਰ ਤੇ ਦਿੰਦੀ ਸੀ। ਮੈਂ ਇੱਕ ਖੱਤ ਪ੍ਰਿੰਸੀਪਲ ਸਾਹਿਬ ਸਿੰਘ ਜੀ ਨੂੰ ਸਿੱਧਵਾਂ ਬੇਟ (ਜਗਰਾਵਾਂ ਦੇ ਕੋਲ) ਦੇ ਪਤੇ ਉਪਰ ਲਿਖਿਆ। ਉਥੇ ਉਹ ਆਪਦੇ ਛੋਟੇ ਲੜਕੇ (ਸਵੱਰਗੀ) ਡਾਕਟਰ (ਅੱਖਾਂ ਦੇ ਮਾਹਿਰ) ਦਲਜੀਤ ਸਿੰਘ ਦੇ ਕੋਲ ਰਹਿੰਦੇ ਸੀ। ਮੈਂ ਹਿਰਖ ਪਰਗਟ ਕੀਤਾ ਕਿ ਮੈਂ ਆਪਣੀ ਕਲਾਸ ਵਿੱਚੋਂ ਫਸਟ ਆਇਆ ਹਾਂ। ਪਰ ਮੈਨੂੰ ਪ੍ਰਚਾਰਕ ਦੀ ਨੌਕਰੀ ਨਹੀਂ ਮਿਲੀ ਜਿਹੜੇ ਥਰਡ ਕਲਾਸ ਵਿੱਚ ਪਾਸ ਹੋਏ ਹਨ, ਉਹ ਪ੍ਰਚਾਰਕ ਲੱਗੇ ਹੋਏ ਹਨ। ਉਨ੍ਹਾਂ ਦਾ ਉਤਰ ਵਿੱਚ, ਮੈਨੂੰ ਕਾਰਡ ਆਇਆ। ਅਕਸਰ ਨੂੰ ਉਹ ਤਿੰਨ ਪੈਸੇ ਦੇ ਕਾਰਡ ਉਪਰ ਹੀ ਚਿੱਠੀਆਂ ਲਿਖਦੇ ਹੁੰਦੇ ਸਨ। ਮੈਨੂੰ ਲਿਖਿਆ, "ਬੇਟਾ: ਇੱਥੇ ਤੂੰ ਵਿਦਿਆਰਥੀਆਂ ਨੂੰ ਅੱਠ ਘੰਟੇ ਵਿੱਦਿਆ ਦਾ ਦਾਨ ਦਿੰਦਾ ਏਂ। ਭਾਵੇਂ ਤਨਖਾਹ ਬਹੁਤ ਥੋੜ੍ਹੀ ਹੈ ਪਰ ਇਹ ਹੱਕ ਦੀ ਹੈ। ਜੇ ਪ੍ਰਚਾਰਕ ਲੱਗ ਗਿਓਂ ਤਾਂ ਝੂਠੇ ਬਿੱਲ ਬਣਾਕੇ ਪੈਸੇ ਵਸੂਲ ਕਰਿਆ ਕਰੇਂਗਾ। ਸਾਈਕਲ ਤੇ ਜਾਕੇ ਬੱਸ ਦਾ ਕਿਰਾਇਆ, ਪੈਦਲ ਤੁਰਕੇ ਰਿਕਸ਼ੇ ਦਾ ਕਿਰਾਇਆ ਘਰ ਦੇ ਕੰਮ ਕਰਦਿਆਂ ਡਾਇਰੀ ਭਰਿਆ ਕਰੇਂਗਾ ਅੱਜ ਫਲਾਣੇ ਪਿੰਡ ਪ੍ਰਚਾਰ ਕੀਤਾ। ਇੰਨੇ ਬੰਦਿਆਂ ਨੂੰ ਸ਼ਰਾਬ ਛਡਾਈ, ਇੰਨਿਆਂ ਨੇ ਕੇਸ ਰੱਖਣ ਦੀ ਸਹੁੰ ਖਾਧੀ। ਮੈਂ ਤੇ ਅਰਦਾਸ ਕਰਦਾ ਕਿ ਤੈਨੂੰ ਇਹ ਨੌਕਰੀ ਨਾ ਮਿਲੇ। ਮੇਰਾ ਭਰਮ ਵੀ ਦੂਰ ਹੋ ਗਿਆ ਜਦੋਂ ਮੈਂ ਸਾਲ ਕੁ ਭਰ ਇਹ ਨੌਕਰੀ ਕੀਤੀ। ਉਨ੍ਹਾਂ ਦੀ ਗੱਲ ਬਿਲਕੁਲ ਸਹੀ ਸੀ। ਜਦੋਂ ਤੁਸੀਂ ਆਪਣੇ ਮੁਲਾਜ਼ਮਾਂ ਨੂੰ ਇੰਨੀ ਵੀ ਤਨਖਾਹ ਨਾ ਦਿਉ ਕਿ ਉਹ ਰੱਜ ਕੇ ਰੋਟੀ ਖਾ ਸਕਣ ਤਾਂ ਫਿਰ ਇਹੀ ਕੁਝ ਮਜਬੂਰੀ ਵੱਸ ਹੋਣਾ ਹੈਂ'। ਇਕ ਹੋਰ ਘਟਨਾ ਉਦੋਂ ਕੁ ਦੀ ਹੀ ਹੈ। ਸ਼੍ਰੋਮਣੀ ਕਮੇਟੀ ਨੇ ਕਲਰਕ ਭਰਤੀ ਕਰਨੇ ਸਨ। ਇਸ਼ਤਿਹਾਰ ਪੜਕ੍ਰੇ ਮੈਂ ਵੀ ਅੰਮ੍ਰਿਤਸਰ ਇਂਟਰਵੀਉ ਲਈ ਚਲਾ ਗਿਆ। ਉਦੋਂ ਸੰਤ ਚੰਨਣ ਸਿੰਘ ਪ੍ਰਧਾਨ ਸਨ। ਇੰਟਰਵੀਊ ਵੇਲੇ ਸ੍ਰ: ਪ੍ਰੀਤਮ ਸਿੰਘ ਸ਼ਰੀਹ ਵੀ ਬੈਠੇ ਸਨ ਉਹ ਮੈਨੂੰ ਜਾਣਦੇ ਸਨ। ਪ੍ਰਧਾਨ ਸਾਹਿਬ ਨੇ ਸਵਾਲ ਕੀਤਾ, ਕਿ ਪੰਜਾਬੀ ਸੂਬੇ ਦੇ ਮੋਰਚੇ ਵਿੱਚ ਜਿਹਲ ਕੱਟੀ ਹੈ ? ਮੈਂ ਕਿਹਾ ਜੀ ਦੋ ਵਾਰ। ਕਹਿੰਦੇ ਕਦੋਂ ? ਮੈਂ ਕਿਹਾ ਜਦੋਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦਾ ਵਿਦਿਆਰਥੀ ਸਾਂ। ਇੱਕ ਵਾਰੀ ਇਕੱਲਾ ਦੂਜੀ ਵਾਰੀ ਸਾਰੀ ਕਲਾਸ ਨੂੰ ਲੈ ਕੇ ਸਮੇਤ ਪ੍ਰੋਫੈਸਰ ਅਮਰ ਸਿੰਘ ਚਾਕਰ ਦੇ ਉਦੋਂ ਫ਼ਰੀਦਕੋਟ ਜਿਹਲ ਵਿੱਚ ਰਹੇ ਸਾਂ। ਪ੍ਰਧਾਨ ਸਾਹਿਬ ਕਹਿੰਦੇ ਪੜ੍ਹਾਈ ਦਾ ਨੁਕਸਾਨ ਕਿਉਂ ਕੀਤਾ ਮੈਂ ਜੁਆਬ ਦਿੱਤਾ ਉਦੋਂ ਜੋਸ਼ ਸੀ। ਫਿਰ ਕਹਿਣ ਲੱਗੇ ਹੁਣ ਕੀ ਹੈ ? ਮੈਂ ਉੱਤਰ ਦਿੱਤਾ ਹੁਣ ਹੋਸ਼ ਵੀ ਹੈ। ਮੈਨੂੰ ਬਾਹਰ ਭੇਜ ਦਿੱਤਾ ਕਹਿੰਦੇ ਫਿਰ ਬੁਲਾਉਨੇ ਹਾਂ। ਥੋਹੜੀ ਦੇਰ ਬਾਅਦ ਮੈਨੂੰ ਫਿਰ ਸੱਦਿਆ। ਪ੍ਰਧਾਨ ਸਾਹਿਬ ਕਹਿੰਦੇ ਕਿ ਤੇਰੀ ਕੋਈ ਸਿਫ਼ਾਰਸ਼ ਹੈ ਮੈਂ ਕਿਹਾ ਹਾਂ ਜੀ। ਕਹਿਣ ਲੱਗੇ ਕੌਣ ਹੈ ਉਹ। ਮੈਂ ਬੈਗ ਵਿੱਚੋਂ ਸ਼ਹੀਦ ਸਿੱਖ



ਮਿਸ਼ਨਰੀ ਕਾਲਜ ਦਾ ਸਰਟੀਫਿਕੇਟ ਕੱਢਿਆ ਤੇ ਉਨ੍ਹਾਂ ਦੇ ਹੱਥ ਫੜਾ ਦਿੱਤਾ ਕਿ ਵੇਖ ਲਉ ਪ੍ਰਿੰਸੀਪਲ ਸਾਹਿਬ ਤੇ ਤੁਹਾਡੇ ਦਸਤਖ਼ਤ। ਸਰਟੀਫਿਕੇਟ ਵਾਪਸ ਕਰਦੇ ਕਹਿੰਦੇ ਕਿ ਤੈਨੂੰ ਬੰਬਈ ਵਿੱਚ ਇੱਕ ਗਰੰਥੀ ਦੀ ਸੇਵਾ ਵਾਸਤੇ ਲਾ ਦਿੰਦੇ ਹਾਂ। ਮੈਂ ਉਸੇ ਵੇਲੇ ਜੁਆਬ ਦੇ ਦਿੱਤਾ ਕਿ ਮਿਹਰਬਾਨੀ। ਮੈਂ "ਗਰੰਥੀ" ਦੀ ਡਿਊਟੀ ਨਹੀਂ ਕਰ ਸਕਦਾ। ਪ੍ਰਧਾਨ ਸਾਹਿਬ ਹੈਰਾਨ ਹੋ ਕੇ ਕਹਿਣ ਲੱਗੇ ਕਿਉਂ ? ਬਹੁਤ ਵਧੀਆ ਨੌਕਰੀ ਹੈ। ਮੈਂ ਨਿਮਰਤਾ ਨਾਲ ਕਿਹਾ "ਪ੍ਰਧਾਨ ਸਾਹਿਬ ਮੈਂ ਇੱਕ ਗਰੀਬ ਜੱਟ ਕਿਸਾਨ ਪਰਿਵਾਰ ਵਿੱਚੋਂ ਹਾਂ। ਜ਼ਮੀਨ ਬਹੁਤ ਥੋੜ੍ਹੀ ਹੈ। ਪਰ ਮੈਂ ਸਕੂਲ ਵਿੱਚ ਮਾਸਟਰ ਲੱਗਾ ਹੋਇਆ ਹਾਂ। ਇਸ ਲਈ ਥੋੜ੍ਹਾ ਸਮਾਂ ਪਹਿਲਾਂ ਮੇਰੀ ਕੁੜਮਾਈ ਹੋਈ ਹੈ। ਜੇ ਸਹੁਰੇ ਘਰ ਪਤਾ ਲੱਗ ਗਿਆ ਕਿ ਮੁੰਡਾ ਤਾਂ 'ਗਰੰਥੀ' ਹੈ ਤਾਂ ਇਹ ਰਿਸ਼ਤਾ ਤਾਂ ਟੁੱਟ ਹੀ ਜਾਣਾ ਹੈ ਤੇ ਹੋਰ ਕੋਈ ਆਉਣਾ ਨਹੀਂ।" ਮੇਰੀ ਗੱਲ ਸੁਣ ਕੇ ਸਾਰੇ ਹੱਸ ਪਏ। ਪਰ ਮੈਂ ਕਿਹਾ ਤੁਸੀਂ ਇਹ ਤਾਂ ਸੋਚੋ ਕਿ ਕਿਉਂ ਕੋਈ ਗਰੰਥੀ ਲੱਗਣ ਲਈ ਰਾਜ਼ੀ ਨਹੀਂ ? ਪਿੰਡਾਂ ਵਿੱਚ ਗਰੰਥੀ ਨੂੰ ਸਤਿਕਾਰ ਨਾਲ ਨਹੀਂ ਹਿਕਾਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਕੁਦਰਤ ਦੇ ਰੰਗ, ਮੈਂ ਸਾਰੀ ਜ਼ਿੰਦਗੀ (੬੫ ਸਾਲ ਦੀ ਉਮਰ ਤੱਕ) ਗਰੰਥੀ ਦੀ ਹੀ ਡਿਊਟੀ ਕੀਤੀ। ਪੰਦਰਾਂ ਸਾਲ ਮਿਲਟਰੀ ਵਿੱਚ (.ਠ.) ਨਾਇਬ ਸੂਬੇਦਾਰ ਭਰਤੀ ਹੋਕੇ, ਛੇ ਸਾਲ ਰਿਟਾਇਰਡ ਹੋਕੇ ਦਾਰਾ.ਇ.ਸਲਾਮ ਤਨਜ਼ਾਨੀਆ (ਈਸਟ ਅਫ਼ਰੀਕਾ) ਅਖੀਰ ਕੈਨੇਡਾ ੧੯੯੧ ਤੋਂ ੨੦੦੫ ਤੱਕ। ਗੁਰ ਵਾਕ ਹੈ "ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ"।। ਗੱਲ ਮੈਂ ਸਿੱਖ ਮਿਸ਼ਨ ਕੁਰਕਸ਼ੇਤਰ ਦੀ ਕਰ ਰਿਹਾ ਸਾਂ। ਰਾਗੀ ਜੱਥੇ ਵਿੱਚ ਸੰਤ ਅਮਰ ਸਿੰਘ ਜੀ ਜੰਮੂ (ਬਹੁਤ ਹੀ ਪਿਆਰੇ ਸੱਜਣ) ਮੈਂ ਤੇ ਜੋੜੀ ਵਾਲਾ ਵੀਰ ਸਿੰਘ ਯੂ.ਪੀ. ਦਾ ਜਿਸਨੇ ਉਦੋਂ ਹੀ ਮਿਸ਼ਨਰੀ ਕਾਲਜ ਦੀ ਸੰਗੀਤ ਕਲਾਸ ਵਿੱਚ ਤਬਲਾ ਸਿਖਿਆ ਸੀ। ਨਵੰਬਰ ਸੰਨ ੧੯੬੫ ਵਿੱਚ ਸਾਡੇ ਜੱਥੇ ਦੀ ਤੇ ਧਾਰਮਿਕ ਫ਼ਿਲਮ ਦਿਖਾਣ ਵਾਲੇ ਦੀ ਡਿਊਟੀ ਅੰਬਾਲੇ ਛਾਉਣੀ ਦੇ ਕੋਲ ਮੋਹੜੀ ਪਿੰਡ ਵਿੱਚ ਲੱਗ ਗਈ। ਸ਼ਾਮ ਨੂੰ ਅਸੀਂ ਗੁਰਦੁਆਰੇ ਪੁਜੱ ਗਏ, ਇਹ ਪਿੰਡ ਰੇਲਵੇ ਲਾਈਨ ਦੇ ਨਾਲ ਜੀ.ਟੀ.ਰੋਡ ਦੇ ਉਤੇ ਹੀ ਹੈ। ਸਾਨੂੰ ਕਿਸੇ ਨੇ ਨਾ ਚਾਹ ਪਾਣੀ ਪੁੱਛਿਆ ਤੇ ਨਾ ਹੀ ਲੰਗਰ ਆਦਿਕਾ ਅਸੀਂ ਰਹਿਰਾਸ ਦੇ ਪਾਠ ਉਪਰੰਤ ਕੀਰਤਨ ਸ਼ੁਰੂ ਕਰ ਦਿੱਤਾ। ਕੋਈ ਬੰਦਾ ਜਾਂ ਜ਼ਨਾਨੀ ਗੁਰਦੁਆਰੇ ਨਹੀਂ ਵੜਿਆ। ਮੋਹਰੇ ਨਿੱਕੇਨਿੱਕੇ ਨਿਆਣੇ ਬੈਠੇ ਇਲਤਾਂ ਕਰ ਰਹੇ ਸਨ। ਦੋ ਸ਼ਬਦਾਂ ਤੋਂ ਬਾਅਦ ਸੰਤ ਜੀ ਕਹਿਣ ਲੱਗੇ, ਨਿਰਦੋਸ਼ ਸਾਹਿਬ ਕਰੋ ਕਥਾ ਸ਼ੁਰੂ"। ਮੈਂ ਜਵਾਬ ਦਿੱਤਾ ਸੰਤ ਜੀ ਕਥਾ ਮੈਨੂੰ ਉਤਰੀ ਨਹੀਂ। ਇੱਕ ਅੱਧ ਸ਼ਬਦ ਹੋਰ ਪੜ੍ਹਕੇ ਅਸੀਂ

**ਸ਼੍ਰੋਮਣੀ ਕਮੇਟੀ ਨੇ ਕਲਰਕ ਭਰਤੀ ਕਰਨੇ ਸਨ। ਇਸ਼ਤਿਹਾਰ ਪੜਕ੍ਰੇ ਮੈਂ ਵੀ ਅੰਮ੍ਰਿਤਸਰ ਇਂਟਰਵੀਉ ਲਈ ਚਲਾ ਗਿਆ। ਉਦੋਂ ਸੰਤ ਚੰਨਣ ਸਿੰਘ ਪ੍ਰਧਾਨ ਸਨ। ਇੰਟਰਵੀਊ ਵੇਲੇ ਸ੍ਰ: ਪ੍ਰੀਤਮ ਸਿੰਘ ਸ਼ਰੀਹ ਵੀ ਬੈਠੇ ਸਨ ਉਹ ਮੈਨੂੰ ਜਾਣਦੇ ਸਨ। ਪ੍ਰਧਾਨ ਸਾਹਿਬ ਨੇ ਸਵਾਲ ਕੀਤਾ, ਕਿ ਪੰਜਾਬੀ ਸੂਬੇ ਦੇ ਮੋਰਚੇ ਵਿੱਚ ਜਿਹਲ ਕੱਟੀ ਹੈ ? ਮੈਂ ਕਿਹਾ ਜੀ ਦੋ ਵਾਰ। ਕਹਿੰਦੇ ਕਦੋਂ ? ਮੈਂ ਕਿਹਾ ਜਦੋਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦਾ ਵਿਦਿਆਰਥੀ ਸਾਂ। ਇੱਕ ਵਾਰੀ ਇਕੱਲਾ ਦੂਜੀ ਵਾਰੀ ਸਾਰੀ ਕਲਾਸ ਨੂੰ ਲੈ ਕੇ ਸਮੇਤ ਪ੍ਰੋਫੈਸਰ ਅਮਰ ਸਿੰਘ ਚਾਕਰ ਦੇ ਉਦੋਂ ਫ਼ਰੀਦਕੋਟ ਜਿਹਲ ਵਿੱਚ ਰਹੇ ਸਾਂ। ਪ੍ਰਧਾਨ ਸਾਹਿਬ ਕਹਿੰਦੇ ਪੜ੍ਹਾਈ ਦਾ ਨੁਕਸਾਨ ਕਿਉਂ ਕੀਤਾ ਮੈਂ ਜੁਆਬ ਦਿੱਤਾ ਉਦੋਂ ਜੋਸ਼ ਸੀ। ਫਿਰ ਕਹਿਣ ਲੱਗੇ ਹੁਣ ਕੀ ਹੈ ? ਮੈਂ ਉੱਤਰ ਦਿੱਤਾ ਹੁਣ ਹੋਸ਼ ਵੀ ਹੈ। ਮੈਨੂੰ ਬਾਹਰ ਭੇਜ ਦਿੱਤਾ ਕਹਿੰਦੇ ਫਿਰ ਬੁਲਾਉਨੇ ਹਾਂ।**

ਸਮਾਪਤੀ ਕੀਤੀ ਤੇ ਲੰਗਰ ਜੀ.ਟੀ.ਰੋਡ ਦੇ ਢਾਬੇ ਤੇ ਜਾਕੇ ਛੱਕਿਆ। ਸਵੇਰੇ ਤੜਕੇ ਉਠਕੇ ਸੰਤ ਜੀ ਕਹਿੰਦੇ ਉਠੋ ਨਿਰਦੋਸ਼ ਜੀ ਆਸਾ ਦੀ ਵਾਰ ਲਾਈਏ। ਮੈਂ ਕਿਹਾ ਸੰਤ ਜੀ ਰਾਤ ਵਾਲੇ ਕੀਰਤਨ ਨਾਲ ਰੱਜੇ ਨਹੀਂ ? ਉਹ ਫੱਕਰ ਸੰਤ ਬੰਦਾ ਮੈਨੂੰ ਕਹਿਣ ਲੱਗਾ, "ਨਿਰਦੋਸ਼ ਜੀ ਕੀਰਤਨ ਅਸਾਂ ਸਤਿਗੁਰੂ ਨੂੰ ਸੁਣਾਉਣਾ ਹੈ। ਕੋਈ ਆਵੇ ਚਾਹੇ ਨਾ ਆਵੇ"। ਅਸੀਂ ਉਠੇ ਇਸ਼ਨਾਨ ਕੀਤਾ ਤੇ ਗੁਰੂ ਘਰ ਜਾ ਵਾਜੇ ਖੋਹਲੇ। ਉਸ ਵੇਲੇ ਗੁਰਦੁਆਰੇ ਅੰਦਰ ਗਰੰਥੀ ਸਿੰਘ ਜੀ ਹੀ ਸਨ। ਜਦੋਂ ਅਸੀਂ ਕੀਰਤਨ ਸ਼ੁਰੂ ਕੀਤਾ ਉਹ ਵੀ ਉਠਕੇ ਚਲੇ ਗਏ। ਡੇਢ ਘੰਟਾ ਕੀਰਤਨ ਕੀਤਾ ਕੋਈ ਨਹੀਂ ਆਇਆ ਅਸੀਂ ਤਿੰਨੇ ਜਣੇ। ਜਦੋਂ ਤੇਈਵਾਂ ਛੱਕਾ ਸ਼ੁਰੂ ਕੀਤਾ, ਜਿਨ੍ਹਾਂ ਅੰਤਰਿ ਹਰਿ ਹਰਿ ਪ੍ਰੀਤ ਹੈ... ਤਾਂ ਇੱਕ ਸੱਤ ਅੱਠ ਸਾਲ ਦਾ ਲੜਕਾ ਦਾਣਿਆਂ ਦੀ ਕੌਲੀ ਮੱਥਾ ਟੇਕ ਕੇ ਮੋਹਰੇ ਬਹਿ ਗਿਆ। ਸਾਡਾ ਤਬਲਾ ਮਾਸਟਰ ਭਾਈ ਵੀਰ ਸਿੰਘ ਉਠਿਆ ਤੇ ਉਸ ਲੜਕੇ ਦੀ ਗਿੱਚੀ ਵਿੱਚ ਇੱਕ ਲਾਕੇ ਕਹਿਣ ਲੱਗਾ, ਭੱਜ ਜਾ ਏਥੋਂ ਤੈਨੂੰ ਨਹੀਂ ਪਤਾ ਮਿਸ਼ਨ ਦਾ ਰਾਗੀ ਜੱਥਾ ਕੀਰਤਨ ਕਰ ਰਿਹਾ ਹੈ ? ਮੇਰਾ ਹਾਸਾ ਨਾ ਬੰਦ ਹੋਵੇ। ਖੈਰ ਅਸੀਂ ਭੋਗ ਪਾਕੇ ਅਰਦਾਸ ਕੀਤੀ ਤੇ ਵਾਜੇ ਚੁੱਕ ਕੇ ਅੱਡੇ ਵੱਲ ਨੂੰ ਤੁਰ ਪਏ। ਉਸ ਸਮੇਂ ਪਿੰਡਾਂ ਵਿੱਚ ਰਾਗੀਆਂ ਨੂੰ ਘੱਟ ਤੇ ਢਾਡੀਆਂ ਨੂੰ ਵਧੇਰੇ ਸੁਣਦੇ ਸਨ। ਅੱਜ ਵੀ ਪੇਂਡੂ ਪੰਜਾਬੀ ਗਰਮ ਜੋਸ਼ੀਲੀਆਂ ਵਾਰਾਂ ਸੁਣਨਾ ਹੀ ਪਸੰਦ ਕਰਦੇ ਹਨ। ਪਰ ਸਮੇਂ ਦੇ ਵੇਗ ਨਾਲ ਪੁਰਾਣਾ ਢਾਡੀ ਵਿਰਸਾ ਵੀ ਅਲਪੋ ਹੁੰਦਾ ਜਾ ਰਿਹਾ ਹੈ। ਵਾਰਾਂ ਦੀ ਥਾਂ ਹਲਕੀਆਂ ਤੇ ਚੰਚਲ ਧੁੰਨਾਂ ਨੂੰ ਢਾਡੀ ਪਰੋਸ ਕੇ ਦੇ ਰਹੇ ਹਨ। ਅਜੋਕਾ ਪੰਜਾਬੀ ਸੰਗੀਤ ਜੋ ਕੰਨਾਂ ਵਿੱਚ ਸ਼ਹਿਦ ਘੋਲਦਾ ਸੀ ਹੁਣ ਕੰਨਾਂ ਦਾ ਨਾ ਰਹਿ ਕੇ ਅੱਖਾਂ ਦਾ ਵਿਸ਼ਾ ਬਣਕੇ ਰਹਿ ਗਿਆ ਹੈ।

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9" , ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।

ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।

ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ

ਈਮੇਲ ਕਰੋ- happy9284@yahoo.com

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।

ਫੋਨ ਨੰਬਰ-778-957-1670

***************

ਇੰਡੀਆ ਵਿਚ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", Msc, MCA ਲਈ ਇੰਡੀਆ ਵਿਚ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

***************

27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, **BCIT** ਤੋਂ 2 **YEARS IT DIPLOMA Holder**, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਇਚਣਟ ਫਹੋਟੋ ਅਨਦ ਬੋਦਿੳਟੳ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 **talwanid@hotmial.ca**

***************

34 ਸਾਲਾਂ 5'-3" **M.A. B.Ed.** ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

***************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662, Email: dharam.sidhu@yahoo.com

***************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੇਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

### ਲੜਕੀ ਦੀ ਲੋੜ

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਵ੍ਹ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ। ਸੰਪਰਕ: 604-809-3121

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ।ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।

ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)

Insulator (2)

Painter (3)

Email: galaxyinsulationdrywall@gmail.com

**Phone: 604-366-6000**

**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", **MBA (Canada)**, ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।

ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰ ਦੀ ਲੋੜ

ਕੈਨੇਡੀਅਨ ਸਿਟੀਜਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।

ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ-604-339-2389

# ਸ਼੍ਰੋਮਣੀ ਕਮੇਟੀ ਦਾ ਸਥਾਪਨਾ ਦਿਵਸ ਮਨਾਇਆ

ਅੰਮ੍ਰਿਤਸਰ-ਇੱਥੇ ਸ਼੍ਰੋਮਣੀ ਕਮੇਟੀ ਦਾ ਸਥਾਪਨਾ ਦਿਵਸ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਮਨਾਇਆ ਗਿਆ। ਇਸ ਮੌਕੇ ਸਿੱਖ ਸੰਸਥਾ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਗਿਆ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਅਖੰਡ ਪਾਠ ਦੇ ਭੋਗ ਮਗਰੋਂ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ। ਅਰਦਾਸ ਉਪਰੰਤ ਪਾਵਨ ਹੁਕਮਨਾਮਾ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਨੇ ਲਿਆ। ਉਨ੍ਹਾਂ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਸਥਾਪਤੀ ਲਈ ਕੌਮ ਦੇ ਵਡੇਰਿਆਂ ਨੇ ਅਨੇਕਾਂ ਸ਼ਹਾਦਤਾਂ ਦਿੱਤੀਆਂ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਕੁਦਰਤੀ ਆਫਤਾਂ ਸਮੇਂ ਮਨੁੱਖਤਾ ਦੀ ਭਲਾਈ ਲਈ ਕੀਤੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਦੁਨੀਆ ਵਿੱਚ ਬਹੁਤ ਸਾਰੇ ਧਰਮ ਹਨ ਪਰ ਕਿਸੇ ਵੀ ਧਰਮ ਕੋਲ ਸ਼੍ਰੋਮਣੀ ਕਮੇਟੀ ਜਿਹੀ ਚੁਣੀ ਹੋਈ ਧਾਰਮਿਕ ਸੰਸਥਾ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਥ ਦੀ ਇਸ ਸਿਰਮੌਰ ਸੰਸਥਾ ਦੀ ਮਜ਼ਬੂਤੀ ਲਈ ਇਕਜੁੱਟ ਹੋ ਕੇ ਯਤਨ ਕਰਦਿਆਂ ਸੰਸਥਾ ਨੂੰ ਢਾਹ ਲਾਉਣ ਵਾਲੀਆਂ ਤਾਕਤਾਂ ਨੂੰ ਮੂੰਹ ਤੋੜ ਜਵਾਬ ਦੇਣਾ ਸਮੇਂ ਦੀ ਵੱਡੀ ਲੋੜ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਵੀ ਸੰਬੋਧਨ ਕੀਤਾ । ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਹਰਜਾਪ ਸਿੰਘ ਸੁਲਤਾਨਵਿੰਡ, ਅਮਰਜੀਤ ਸਿੰਘ ਬੰਡਾਲਾ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਪਰਮਜੀਤ ਸਿੰਘ ਸਰੋਆ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਅਤੇ ਸ਼ਾਹਬਾਜ਼ ਸਿੰਘ ਹਾਜ਼ਰ ਸਨ।

### ਧਾਮੀ ਵੱਲੋਂ ਸੰਸਥਾ ਦੀ ਮਜ਼ਬੂਤੀ ਲਈ ਇਕਜੁੱਟ ਹੋ ਕੇ ਯਤਨ ਕਰਨ ਦੀ ਅਪੀਲ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਦੌਰਾਨ ਸਿੱਖ ਸੰਸਥਾ ਦੇ ਸਥਾਪਨਾ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਆਪਣੇ ਇਕ ਸਦੀ ਦੇ ਸਫ਼ਰ ਦੌਰਾਨ ਜਿੱਥੇ ਗੁਰਦੁਆਰਾ ਸਾਹਿਬਾਨ ਦੇ ਬਿਹਤਰ ਪ੍ਰਬੰਧਾਂ ਲਈ ਜ਼ਿੰਮੇਵਾਰੀ ਨਿਭਾਈ ਉਥੇ ਧਰਮ ਦੇ ਪ੍ਰਚਾਰ ਪ੍ਰਸਾਰ ਦੇ ਨਾਲ-ਨਾਲ ਸਿੱਖਿਆ ਅਤੇ ਮੈਡੀਕਲ ਸੇਵਾਵਾਂ ਵਿੱਚ ਵੀ ਜ਼ਿਕਰਯੋਗ ਕਾਰਜ ਕੀਤੇ। ਸ਼੍ਰੋਮਣੀ ਕਮੇਟੀ ਵੱਲੋਂ ਕੁਦਰਤੀ ਆਫ਼ਤਾਂ ਸਮੇਂ ਨਿਭਾਈਆਂ ਸੇਵਾਵਾਂ ਦੀ ਪੂਰੀ ਦੁਨੀਆ ਵਿਚ ਚਰਚਾ ਹੋਈ। ਉਨ੍ਹਾਂ ਸਮੂਹ ਸਿੱਖ ਪੰਥ ਨੂੰ ਇਸ ਮਹਾਨ ਸੰਸਥਾ ਦੀ ਮਜ਼ਬੂਤੀ ਲਈ ਇਕਜੁੱਟ ਹੋ ਕੇ ਯਤਨ ਕਰਨ ਦੀ ਅਪੀਲ ਕੀਤੀ।

# ਅਕਾਲ ਤਖ਼ਤ ਵੱਲੋਂ ਸਿੱਖ ਸੰਸਥਾਵਾਂ ਨੂੰ ਰਾਜੋਆਣਾ ਦੀ ਪੈਰਵੀ ਕਰਨ ਦੇ ਆਦੇਸ਼

ਅੰਮ੍ਰਿਤਸਰ-ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਨੂੰ ਆਦੇਸ਼ ਦਿੱਤਾ ਹੈ ਕਿ ਦੋਵੇਂ ਸਿੱਖ ਸੰਸਥਾਵਾਂ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਸਬੰਧੀ ਪਟੀਸ਼ਨ 'ਤੇ ਜਲਦ ਫੈਸਲਾ ਕਰਵਾਉਣ ਲਈ ਤੁਰੰਤ ਕੇਂਦਰ ਸਰਕਾਰ ਕੋਲ ਪੈਰਵੀ ਕਰਨ। ਇਸ ਸਬੰਧੀ ਸ੍ਰੀ ਅਕਾਲ ਤਖਤ ਵੱਲੋਂ ਦੋਵਾਂ ਸਿੱਖ ਸੰਸਥਾਵਾਂ ਨੂੰ ਆਦੇਸ਼ ਪੱਤਰ ਜਾਰੀ ਕੀਤਾ ਗਿਆ ਹੈ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਪਿਛਲੇ 28 ਸਾਲਾਂ ਤੋਂ ਜੇਲ੍ਹ ਵਿੱਚ ਨਜ਼ਰਬੰਦ ਹੈ ਅਤੇ 17 ਸਾਲਾਂ ਤੋਂ ਮਹਜ਼ਿ 8 ਫੁੱਟ ਦੀ ਫਾਂਸੀ ਦੀ ਚੱਕੀ ਵਿਚ ਬੰਦ ਹੈ। ਜਥੇਦਾਰ ਨੇ ਭੇਜੇ ਪੱਤਰ ਵਿਚ ਆਖਿਆ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਆਦੇਸ਼ਾਂ ਅਨੁਸਾਰ ਸਾਲ 2012 ਵਿਚ ਸ਼੍ਰੋਮਣੀ ਕਮੇਟੀ ਵੱਲੋਂ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਸਬੰਧੀ ਰਾਸ਼ਟਰਪਤੀ ਕੋਲ ਪਾਈ ਪਟੀਸ਼ਨ 'ਤੇ 11 ਸਾਲ ਬੀਤ ਜਾਣ ਉੱਤੇ ਵੀ ਕੋਈ ਫੈਸਲਾ ਅਮਲ ਵਿੱਚ ਨਹੀਂ ਆਇਆ। ਆਦੇਸ਼ ਪੱਤਰ ਵਿਚ ਉਨ੍ਹਾਂ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਨੂੰ 8 ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਸਬੰਧੀ ਠੋਸ ਯਤਨਾਂ ਨੂੰ ਤੇਜ਼ੀ ਨਾਲ ਅਮਲ ਵਿਚ ਲਿਆਉਂਦਿਆਂ ਮਿੱਥੇ ਸਮੇਂ ਅੰਦਰ ਇਨ੍ਹਾਂ ਦੀ ਰਿਪੋਰਟ ਅਕਾਲ ਤਖ਼ਤ ਨੂੰ ਭੇਜਣ ਲਈ ਹਦਾਇਤ ਕੀਤੀ ਹੈ। ਜ਼ਿਕਰਯੋਗ ਹੈ ਕਿ ਰਾਜੋਆਣਾ ਵੱਲੋਂ ਕਿਹਾ ਗਿਆ ਹੈ ਕਿ ਉਸ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਬਾਰੇ ਦਿੱਤੀ ਗਈ ਪਟੀਸ਼ਨ ਵਾਪਸ ਲੈ ਲਈ ਜਾਵੇ। ਉਸ ਨੇ ਜੇਲ੍ਹ ਵਿੱਚ ਮਰਨ ਵਰਤ ਦੀ ਵੀ ਚਿਤਾਵਨੀ ਦਿੱਤੀ ਹੈ।



# ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀਆਂ ਵੋਟਾਂ ਬਣਾਉਣ ਦੀ ਮਿਤੀ ਵਿੱਚ ਵਾਧਾ

ਅੰਮ੍ਰਿਤਸਰ-: ਸ਼੍ਰੋਮਣੀ ਕਮੇਟੀ ਦੀਆਂ ਹੋਣ ਵਾਲੀਆਂ ਆਮ ਚੋਣਾਂ ਲਈ ਵੋਟਾਂ ਬਣਾਉਣ ਦੀ ਪ੍ਰਕਿਰਿਆ 29 ਫਰਵਰੀ 2024 ਤੱਕ ਅੱਗੇ ਪਾ ਦਿੱਤੀ ਗਈ ਹੈ। ਇਸ ਸਬੰਧੀ ਅੱਜ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਸੋਧੇ ਹੋਏ ਪ੍ਰੋਗਰਾਮ ਦੇ ਨਾਲ ਨਵਾਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ। ਪਹਿਲਾਂ ਸਿੱਖ ਸੰਸਥਾ ਦੇ ਨਵੇਂ ਜਨਰਲ ਹਾਊਸ ਲਈ ਵੋਟਰ ਰਜਿਸਟ੍ਰੇਸ਼ਨ ਦਾ ਸਮਾਂ 21 ਅਕਤੂਬਰ ਤੋਂ 15 ਨਵੰਬਰ ਤੱਕ ਸੀ। ਇਸ ਸਬੰਧੀ ਸੂਚਨਾ ਇੱਥੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸ਼੍ਰੋਮਣੀ ਕਮੇਟੀ ਕੋਲ ਵੀ ਪੁੱਜੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ 21 ਮਾਰਚ ਤੱਕ ਮੁੱਢਲੀ ਸੂਚੀਆਂ ਦੀ ਪ੍ਰਕਾਸ਼ਨਾ ਹੋਵੇਗੀ ਅਤੇ ਦਾਅਵਿਆਂ ਅਤੇ ਇਤਰਾਜ਼ਾਂ ਦੀ ਪ੍ਰਾਪਤੀ ਦੀ ਆਖਰੀ ਮਿਤੀ 11 ਅਪਰੈਲ ਹੋਵੇਗੀ। ਜਿਨ੍ਹਾਂ ਦਾ ਨਿਪਟਾਰਾ ਸਬੰਧਤ ਡਿਪਟੀ ਕਮਿਸ਼ਨਰਾਂ ਵੱਲੋਂ ਮਨੋਨੀਤ ਰੀਵਾਈਜ਼ਿੰਗ ਅਥਾਰਿਟੀਆਂ ਦੁਆਰਾ 21 ਅਪਰੈਲ ਤੱਕ ਕੀਤਾ ਜਾਵੇਗਾ। ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ 3 ਮਈ ਤੱਕ ਹੋਵੇਗੀ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

# ਭਾਰਤ ਨੇ ਕੈਨੇਡਾ ਵਿਚ ਕੌਂਸਲੇਟ ਅਧਿਕਾਰੀਆਂ ਦੀ ਸੁਰੱਖਿਆ ਦਾ ਮੁੱਦਾ ਉਠਾਇਆ

ਨਵੀਂ ਦਿੱਲੀ-ਭਾਰਤ ਨੇ ਅੱਜ ਕੈਨੇਡਾ ਨੂੰ ਕੂਟਨੀਤਕ ਸਬੰਧਾਂ ਬਾਰੇ ਵੀਏਨਾ ਕਨਵੈਨਸ਼ਨ ਦੀਆਂ ਤਜਵੀਜ਼ਾਂ ਅਨੁਸਾਰ ਢੁੱਕਵਾਂ ਮਾਹੌਲ ਮੁਹੱਈਆ ਕਰਵਾਉਣ ਦਾ ਸੱਦਾ ਦਿੱਤਾ ਤਾਂ ਜੋ ਉਸ ਦੇ ਅਧਿਕਾਰੀ ਬਿਨਾਂ ਕਿਸੇ ਅੜਿੱਕੇ ਜਾਂ ਸੁਰੱਖਿਆ ਫਿਕਰਾਂ ਦੇ ਆਪਣੇ ਫਰਜ਼ ਨਿਭਾ ਸਕਣ। ਭਾਰਤ ਨੇ ਓਟਵਾ ਨੂੰ ਨਵਾਂ ਸੱਦਾ ਕੁਝ ਖਾਲਿਸਤਾਨੀ ਹਮਾਇਤੀਆਂ ਵੱਲੋਂ ਭਾਰਤੀ ਕੌਂਸੂਲੇਟ ਵੱਲੋਂ ਲਾਏ ਗਏ ਇੱਕ ਕੈਂਪ 'ਚ ਗੜਬੜ ਕਰਨ ਦੀ ਕੋਸ਼ਿਸ਼ ਕੀਤੇ ਜਾਣ ਤੋਂ ਕੁਝ ਦਿਨ ਬਾਅਦ ਦਿੱਤਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਖਾਲਿਸਤਾਨ ਹਮਾਇਤੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ 'ਚ ਭਾਰਤੀ ਏਜੰਟਾ ਦੀ ਸੰਭਾਵੀ ਸ਼ਮੂਲੀਅਤ ਹੋਣ ਦੇ ਦੋਸ਼ ਲਾਏ ਜਾਣ ਮਗਰੋਂ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ 'ਚ ਤਣਾਅ ਆ ਗਿਆ ਹੈ। ਭਾਰਤ ਨੇ ਕੈਨੈਡਾ ਵੱਲੋਂ ਲਾਏ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ, 'ਕੈਨੇਡਾ ਵਿਚਲਾ ਸਾਡਾ ਹਾਈ ਕਮਿਸ਼ਨ ਤੇ ਕੌਂਸੂਲੇਟ ਲਗਾਤਾਰ ਕੌਂਸੂਲਰ ਕੈਂਪ ਲਾਉਂਦਾ ਹੈ। ਪੈਨਸ਼ਨਰਾਂ ਨੂੰ ਲਾਈਫ ਸਰਟੀਫਿਕੇਟ ਮੁਹੱਈਆ ਕਰਨ ਲਈ ਅਜਿਹਾ ਹੀ ਇੱਕ ਕੈਂਪ 12 ਨਵੰਬਰ ਨੂੰ ਵੈਨਕੂਵਰ ਨੇੜੇ ਲਾਇਆ ਗਿਆ ਸੀ।' ਉਨ੍ਹਾਂ ਕਿਹਾ, 'ਕੁਝ ਕੱਟੜਪੰਥੀ ਤੱਤਾਂ ਨੇ ਇਸ ਮੌਕੇ ਗੜਬੜ ਕਰਨ ਦੀ ਕੋਸ਼ਿਸ਼ ਕੀਤੀ ਪਰ ਫਿਰ ਵੀ ਉਹ ਇਹ ਸਮਾਗਮ ਕਰਵਾਉਣ 'ਚ ਸਫਲ ਰਹੇ। ਸਾਡੇ ਕੌਂਸੂਲ ਜਨਰਲ ਕੈਂਪ ਮੌਕੇ ਹਾਜ਼ਰ ਨਹੀਂ ਸਨ।' ਉਨ੍ਹਾਂ ਕਿਹਾ, 'ਅਸੀਂ ਮੁਲਕਾਂ ਨੂੰ ਕੂਟਨੀਤਕ ਸਬੰਧਾਂ ਬਾਰੇ ਵੀਏਨਾ ਕਨਵੈਨਸ਼ਨ ਦਾ ਸਨਮਾਨ ਕਰਨ ਦੀ ਲੋੜ ਨੂੰ ਦੁਹਰਾਉਂਦੇ ਹਾਂ ਤਾਂ ਜੋ ਸਾਡੇ ਰਾਜਦੂਤ ਆਪਣੀਆਂ ਕੂਟਨੀਤਕ ਜ਼ਿੰਮੇਵਾਰੀਆਂ ਨਿਭਾ ਸਕਣ।' ਦੀਵਾਲੀ ਮੌਕੇ ਬਰੈਂਪਟਨ ਨੇੜੇ ਵਾਪਰੀ ਘਟਨਾ ਬਾਰੇ ਉਨ੍ਹਾਂ ਕਿਹਾ ਕਿ ਇਹ ਦੋ ਧੜਿਆਂ ਵਿਚਾਲੇ ਰੰਜਿਸ਼ ਦਾ ਮਾਮਲਾ ਜਾਪਦਾ ਹੈ।

# ਅਕਾਲੀ ਦਲ ਵੱਲੋਂ 'ਪੰਜਾਬ ਦੀ ਸ਼ਾਨ ਸਾਡੇ ਨੌਜਵਾਨ' ਮੁਹਿੰਮ ਦੀ ਸ਼ੁਰੂਆਤ

ਮੰਡੀ ਅਹਿਮਦਗੜ੍ਹ-ਬੀਤੀਆਂ ਵਿਧਾਨ ਸਭਾ ਚੋਣਾਂ ਦੌਰਾਨ ਮਿਲੀ ਹਾਰ ਦੇ ਕਾਰਨਾਂ ਦੀ ਘੋਖ ਕਰਨ ਮਗਰੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਮੁੜ ਸਿਆਸੀ ਪਕੜ ਮਜ਼ਬੂਤ ਬਣਾਉਣ ਲਈ ਨੌਜਵਾਨ ਵਰਗ ਨੂੰ ਲਾਮਬੰਦ ਕਰਨਾ ਸ਼ੁਰੂ ਕੀਤਾ ਹੈ। ਜ਼ਿਲ੍ਹਾ ਲੁਧਿਆਣਾ ਅਧੀਨ ਪੈਂਦੇ ਪਿੰਡ ਸਰੀਂਹ ਵਿੱਚ ਪਾਰਟੀ ਦੇ ਯੂਥ ਵਿੰਗ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਅਤੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਲੁਧਿਆਣਾ ਹਰਪ੍ਰੀਤ ਸਿੰਘ ਸ਼ਿਵਾਲਿਕ ਦੀ ਰਹਿਨੁਮਾਈ ਹੇਠ 'ਪੰਜਾਬ ਦੀ ਸ਼ਾਨ ਸਾਡੇ ਨੌਜਵਾਨ' ਮੁਹਿੰਮ ਦੇ ਉਦਘਾਟਨ ਵੇਲੇ ਅੱਜ ਸਮਾਗਮ ਕਰਵਾਇਆ ਗਿਆ। ਇਸ ਮੌਕੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਦੇਖਣ ਤੋਂ ਬਾਅਦ ਸਰਹੱਦੀ ਸੂਬੇ ਦੇ ਨੌਜਵਾਨਾਂ ਸਮੇਤ ਆਮ ਲੋਕਾਂ ਦਾ ਕੋਰੇ ਵਾਅਦੇ ਕਰਨ ਵਾਲੀ ਪਾਰਟੀ ਤੋਂ ਮੋਹ ਭੰਗ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਮਿਲੇ ਸੁਝਾਅ ਤੋਂ ਬਾਅਦ ਵੱਧ ਤੋਂ ਵੱਧ ਨੌਜਵਾਨਾਂ ਨੂੰ ਪਾਰਟੀ ਵਿੱਚ ਸ਼ਾਮਿਲ ਕਰਕੇ ਲੋਕਾਂ ਦੀ ਪਸੰਦ ਵਾਲੇ ਯੂਥ ਆਗੂਆਂ ਨੂੰ ਪਾਰਟੀ ਵਿੱਚ ਅਹਿਮ ਅਹੁਦੇ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਜ਼ਿਲ੍ਹਾ ਪ੍ਰਧਾਨਾਂ ਦੀ ਚੋਣ ਕਰਨ ਤੋਂ ਪਹਿਲਾਂ ਚਾਹਵਾਨ ਉਮੀਦਵਾਰਾਂ ਨੂੰ ਘੱਟੋ ਘੱਟ ਦੋ ਹਜ਼ਾਰ ਮੈਂਬਰ ਭਰਤੀ ਕਰਨੇ ਪੈਣਗੇ ਅਤੇ ਡੈਲੀਗੇਟ ਬਣਨ ਲਈ ਢਾਈ ਸੌ ਮੈਂਬਰ ਬਣਾਉਣਾ ਜ਼ਰੂਰੀ ਕੀਤਾ ਗਿਆ ਹੈ। ਮੈਂਬਰਾਂ ਦੀ ਆਨਲਾਈਨ ਭਰਤੀ ਸ਼ੁਰੂ ਕਰ ਦਿੱਤੀ ਗਈ ਹੈ। ਸ੍ਰੀ ਬਾਦਲ ਨੇ ਕੇਂਦਰ ਅਤੇ ਸੂਬੇ ਵਿੱਚ ਹੁਣ ਤੱਕ ਕਾਬਜ਼ ਰਹੀਆਂ ਭਾਜਪਾ ਅਤੇ ਕਾਂਗਰਸ ਦੀਆਂ ਸਰਕਾਰਾਂ ਨੂੰ ਹੁਣ ਤੱਕ ਕੀਤੇ ਗਏ ਵੱਡੇ ਘਪਲਿਆਂ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਵਿੱਚ ਕਾਬਜ਼ ਆਮ ਆਦਮੀ ਪਾਰਟੀ ਨੇ ਵੀ ਧੋਖੇ ਨਾਲ ਬਦਲਾਅ ਦੇ ਨਾਂ 'ਤੇ ਵੋਟਾਂ ਲੈ ਕੇ ਆਪਣੀ ਸਿਆਸੀ ਗਿਰਾਵਟ ਵਾਲਾ ਰੂਪ ਦਿਖਾ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਿੱਥੇ 'ਆਪ' ਅਤੇ ਭਾਜਪਾ ਆਮ ਲੋਕਾਂ ਨੂੰ ਮਿਆਰੀ ਜ਼ਿੰਦਗੀ ਜਿਉਣ ਲਈ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨ ਵਿੱਚ ਅਸਫ਼ਲ ਹੋਈਆਂ ਹਨ ਉੱਥੇ ਕਾਂਗਰਸ ਪਾਰਟੀ ਵੀ ਵਿਰੋਧੀ ਪਾਰਟੀ ਦਾ ਰੋਲ ਅਦਾ ਕਰਨ ਵਿੱਚ ਫੇਲ੍ਹ ਹੋਈ ਹੈ। ਸਾਬਕਾ ਪਾਰਲੀਮਾਨੀ ਸਕੱਤਰ ਦਰਸ਼ਨ ਸਿੰਘ ਸ਼ਿਵਾਲਿਕ ਨੇ ਦਾਅਵਾ ਕੀਤਾ ਕਿ ਇਲਾਕੇ ਵਿੱਚ ਜੋ ਵਿਕਾਸ ਹੋਇਆ ਹੈ ਉਹ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਵੇਲੇ ਹੋਇਆ ਹੈ।







# ਰਾਹੁਲ ਗਾਂਧੀ ਨੇ ਗੋਲਡਨ ਪਾਸਪੋਰਟ ਲੈਣ ਵਾਲਿਆਂ ਤੇ ਸਵਾਲ ਉਠਾਏ



ਨਵੀਂ ਦਿੱਲੀ-ਕਾਂਗਰਸ ਆਗੂ ਰਾਹੁਲ ਗਾਂਧੀ ਨੇ ਅੱਜ ਸਵਾਲ ਕੀਤਾ ਕਿ 'ਪਰਮ ਮਿੱਤਰ' ਦੇ ਭਰਾਵਾਂ ਨੇ 'ਅੰਮ੍ਰਿਤ ਕਾਲ' ਦੌਰਾਨ ਭਾਰਤ ਕਿਉਂ ਛੱਡ ਦਿੱਤਾ। ਰਾਹੁਲ ਦੀ ਇਹ ਟਿੱਪਣੀ ਅਜਿਹੇ ਸਮੇਂ ਆਈ ਹੈ, ਜਦੋਂ ਮੀਡੀਆ ਵਿੱਚ ਅਜਿਹੀ ਖ਼ਬਰ ਹੈ ਕਿ ਗੌਤਮ ਅਡਾਨੀ ਦੇ ਵੱਡੇ ਭਰਾ ਵਿਨੋਦ ਅਡਾਨੀ ਸਮੇਤ ਕੁੱਝ ਕਾਰੋਬਾਰੀ ਉਨ੍ਹਾਂ 66 ਭਾਰਤੀਆਂ ਵਿੱਚ ਸ਼ਾਮਲ ਹਨ, ਜਿਨ੍ਹਾਂ ਨੂੰ ਸਾਈਪ੍ਰਸ ਵਿੱਚ 'ਗੋਲਡਨ ਪਾਸਪੋਰਟ' ਮਿਲਿਆ ਹੈ। ਰਾਹੁਲ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਕਿਹਾ, "ਅੰਮ੍ਰਿਤ ਕਾਲ ਵਿੱਚ 'ਪਰਮ ਮਿੱਤਰ' ਦੇ ਭਰਾ ਭਾਰਤ ਛੱਡ ਕੇ ਕਿਉਂ ਭੱਜੇ ? 'ਗੋਲਡਨ ਪਾਸਪੋਰਟ' ਮਤਲਬ ਚੋਰੀ ਦਾ ਸੁਨਹਿਰਾ ਮੌਕਾ-ਲੋਕਾਂ ਦਾ ਪੈਸਾ ਚੁਰਾਓ, ਸ਼ੈੱਲ ਕੰਪਨੀ ਬਣਾਓ ਅਤੇ ਵਿਦੇਸ਼ ਵਿੱਚ ਉਡਾਓ।" ਮੀਡੀਆ ਵਿੱਚ ਕਿਹਾ ਗਿਆ ਹੈ ਕਿ ਵਿਨੋਦ ਅਡਾਨੀ ਅਤੇ ਪੰਕਜ ਓਸਵਾਲ ਉਨ੍ਹਾਂ 66 ਭਾਰਤੀਆਂ ਵਿੱਚ ਸ਼ਾਮਲ ਸਨ, ਜਿਨ੍ਹਾਂ ਨੂੰ 'ਗੋਲਡਨ ਪਾਸਪੋਰਟ' ਮਿਲਿਆ ਹੈ। ਸਾਲ 2007 ਵਿੱਚ ਸ਼ੁਰੂ ਹੋਏ 'ਗੋਲਡਨ ਪਾਸਪੋਰਟ' ਯੋਜਨਾ ਨੂੰ 'ਸਾਈਪ੍ਰਸ ਨਿਵੇਸ਼ ਪ੍ਰੋਗਰਾਮ' ਵੀ ਕਿਹਾ ਜਾਂਦਾ ਸੀ। ਇਸ ਨਾਲ ਆਰਥਿਕ ਤੌਰ 'ਤੇ ਮਜ਼ਬੂਤ ਵਿਅਕਤੀਆਂ ਨੂੰ ਸਾਈਪ੍ਰਸ ਦੀ ਨਾਗਰਿਕਤਾ ਦੇਣ ਦੀ ਸਹੂਲਤ ਮਿਲਦੀ ਸੀ, ਜਿਸ ਕਾਰਨ ਦੇਸ਼ ਵਿੱਚ ਸਿੱਧਾ ਵਿਦੇਸ਼ੀ ਨਿਵੇਸ਼ (ਐੱਫਡੀਆਈ) ਆਇਆ। ਉਧਰ, ਸੱਤਾਧਾਰੀ ਭਾਜਪਾ ਦੇ ਆਈਟੀ ਸੈੱਲ ਦੇ ਇੰਚਾਰਜ ਅਮਿਤ ਮਾਲਵੀਆ ਨੇ ਰਾਹੁਲ ਗਾਂਧੀ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਇਹ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਦੌਰਾਨ ਹੋਇਆ ਜਿਸ ਨੇ ਟੈਕਸ ਚੋਰਾਂ ਨੂੰ ਪਨਾਹਗਾਹ ਦੇਣ ਲਈ ਭਾਰਤ-ਸਾਈਪ੍ਰਸ ਟੈਕਸ ਸੰਧੀ ਬਣਾਈ।

# ਸਾਡਾ ਇਰਾਦਾ ਚੀਨ ਨਾਲ ਸਬੰਧਾਂ ਨੂੰ ਜ਼ਿੰਮੇਵਾਰੀ ਨਾਲ ਸੰਭਾਲਣ ਦਾ ਹੈ-ਬਾਇਡਨ

ਸਾਂ ਫਰਾਂਸਿਸਕੋ-ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਤੋਂ ਇਕ ਦਿਨ ਬਾਅਦ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਉਹ ਚੀਨ ਨਾਲ ਸਬੰਧਾਂ ਨੂੰ ਜ਼ਿੰਮੇਵਾਰੀ ਨਾਲ ਸੰਭਾਲਣ ਦਾ ਇਰਾਦਾ ਰੱਖਦੇ ਹਨ। ਉਨ੍ਹਾਂ ਏਸ਼ੀਆ ਪ੍ਰਸ਼ਾਂਤ ਆਰਥਿਕ ਸਹਿਯੋਗ (ਏਪੀਈਸੀ) ਦੇ ਸੀਈਓਜ਼ ਦੇ ਸੰਮੇਲਨ ਵਿੱਚ ਕਿਹਾ, 'ਮੇਰਾ ਇਰਾਦਾ ਅਮਰੀਕਾ ਅਤੇ ਚੀਨ ਦਰਮਿਆਨ ਮੁਕਾਬਲੇ ਨੂੰ ਜ਼ਿੰਮੇਵਾਰੀ ਨਾਲ ਸੰਭਾਲਣਾ ਹੈ। ਇਸ ਬਾਰੇ ਕੱਲ੍ਹ ਮੇਰੇ ਅਤੇ ਸ਼ੀ ਵਿਚਕਾਰ ਸੰਖੇਪ ਗੱਲਬਾਤ ਹੋਈ ਸੀ। ਸਾਰੀ ਦੁਨੀਆ ਸਾਡੇ ਤੋਂ ਇਹੀ ਆਸ ਰੱਖਦੀ ਹੈ ਤੇ ਮੇਰਾ ਵਾਅਦਾ ਹੈ ਕਿ ਅਜਿਹਾ ਕੀਤਾ ਜਾਵੇਗਾ।'


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
Call today to get started
SANJEEV KATYAL
604.767.5194
info@katyalmortgage.ca
invis
Canada's Mortgage Experts™
MORTGAGE INTELLIGENCE®
WWW.KATYALMORTGAGE.CA

# ਨਵੀਂ ਪੀੜ੍ਹੀ ਨੂੰ ਕਿਤਾਬਾਂ ਅਤੇ ਕਿਰਤ ਨਾਲ ਜੋੜੀਏ !

ਪੰਜਾਬੀ ਉਦਮੀ ਹਨ ਤੇ ਹਮੇਸ਼ਾ ਖਤਰੇ ਸਹੇੜਨ ਲਈ ਤਿਆਰ ਰਹਿੰਦੇ ਹਨ। ਅੱਖੀ ਘੜੀ ਵਿਚ ਵੀ ਉਹ ਚੜ੍ਹਦੀ ਕਲਾ ਵਿਚ ਰਹਿੰਦਿਆਂ ਮੁਸ਼ਕਿਲਾਂ ਦਾ ਡੱਟ ਕੇ ਮੁਕਾਬਲਾ ਕਰਦੇ ਹਨ। ਉਹ ਹਮੇਸ਼ਾਂ ਨਵੇਂ ਵਿਚਾਰਾਂ ਅਤੇ ਨਵੀਆਂ ਥਾਂਵਾਂ ਨੂੰ ਅਪਣਾ ਬਣਾਉਣ ਲਈ ਵੀ ਤੱਤਪੁਰ ਰਹਿੰਦੇ ਹਨ। ਪਿਛਲੇ ਕੁਝ ਸਾਲਾਂ ਤੋਂ ਪੰਜਾਬੀਆਂ ਵਿਚ ਵਿਦੇਸ਼ਾਂ ਨੂੰ ਜਾਣ ਦੇ ਰੁਝਾਨ ਵਿਚ ਤੇਜ਼ੀ ਆਈ ਹੈ।ਇਸੇ ਪ੍ਰਵਾਹ ਅਧੀਨ ਉਨ੍ਹਾਂ ਪੱਛਮੀ ਪਹਿਰਾਵਾ, ਖਾਣ ਪੀਣ ਤੇ ਰਸਮੋ ਰਿਵਾਜਾਂ ਨੂੰ ਦੇਸ਼ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਤੇਜ਼ੀ ਨਾਲ ਅਪਣਾਇਆ ਹੈ।ਅੰਗ੍ਰੇਜ਼ੀ ਦਾ ਗਿਆਨ ਪ੍ਰਾਪਤ ਕਰਨ ਦੀ ਲਾਲਸਾ ਅਧੀਨ ਪੰਜਾਬੀਆਂ ਨੇ ਆਪਣੇ ਬੱਚੇ ਅਖੌਤੀ ਅੰਗ੍ਰੇਜ਼ੀ ਸਕੂਲਾਂ ਵਿਚ ਪੜ੍ਹਨੇ ਪਾ ਦਿੱਤੇ ਹਨ। ਇਨ੍ਹਾਂ ਬੱਚਿਆਂ ਨੂੰ ਪੰਜਾਬੀ ਪੜ੍ਹਨ ਤੇ ਬੋਲਣ ਤੋਂ ਵਰਜਿਆ ਜਾਂਦਾ ਹੈ।ਉਨ੍ਹਾਂ ਨੂੰ ਆਪਣਾ ਸ਼ਾਨਾਮੱਤਾ-ਇਤਿਹਾਸ ਪੜ੍ਹਾਉਣ ਅਤੇ ਪੰਜਾਬੀ ਸੱਭਿਆਚਾਰ ਤੋਂ ਜਾਣੂ ਕਰਵਾਉਣ ਦੀ ਥਾਂ ਵਿਦੇਸ਼ੀ ਇਤਿਹਾਸ ਅਤੇ ਸੱਭਿਆਚਾਰ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ।ਇਸ ਤਬਦੀਲੀ ਦਾ ਪ੍ਰਭਾਵ ਜਿਥੇ ਉਨ੍ਹਾਂ ਦੇ ਰਹਿਣ ਸਹਿਣ ਉਤੇ ਪਿਆ ਹੈ ਉਥੇ ਉਹ ਆਪਣੇ ਸੱਭਿਆਚਾਰ ਅਤੇ ਰਸਮੋ ਰਿਵਾਜਾਂ ਤੋਂ ਦੂਰ ਹੋ ਰਹੇ ਹਨ।ਆਪਣੇ ਵਿਰਸੇ 'ਤੇ ਮਾਣ ਕਰਨਾ ਉਹ ਭੁੱਲ ਗਏ ਹਨ। ਸਾਰੇ ਸੰਸਾਰ ਨੂੰ ਚੜ੍ਹਦੀ ਕਲਾ ਦਾ ਸੁਨੇਹਾ ਦੇਣ ਵਾਲੀ ਕੌਮ ਆਪ ਢਹਿੰਦੀ ਕਲਾ ਦਾ ਸ਼ਿਕਾਰ ਹੋ ਰਹੀ ਹੈ।ਇਸ ਦਾ ਅਸਰ ਉਨ੍ਹਾਂ ਦੇ ਕੰਮਾਂ ਕਾਰਾਂ ਵਿਚ ਸਾਫ਼ ਨਜ਼ਰ ਆਉਣ ਲੱਗ ਪਿਆ ਹੈ।ਪੈਸੇ ਕਮਾਉਣ ਦੀ ਦੌੜ ਵਿਚ ਉਹ ਗਲਤ ਕੰਮ ਕਰਨ ਲਈ ਵੀ ਤਿਆਰ ਰਹਿਣ ਲੱਗ ਪਏ ਹਨ। ਸਰਕਾਰੀ ਦਫ਼ਤਰਾਂ ਵਿਚ ਰਿਸ਼ਵਤਖੋਰੀ ਦਾ ਬੋਲਬਾਲਾ ਹੈ।ਬਾਜ਼ਾਰ ਵਿਚ ਵਿਕਣ ਵਾਲੀਆਂ ਬਹੁਤੀਆਂ ਵਸਤਾਂ ਵਿਚ ਮਿਲਾਵਟ ਹੋਣ ਲੱਗ ਪਈ ਹੈ।ਇਥੋਂ ਤੱਕ ਕਿ ਸ਼ੁੱਧ ਦੁੱਧ ਤੇ ਦੁੱਧ ਪਦਾਰਥ ਮਿਲਣੇ ਮੁਸ਼ਕਲ ਹੋ ਰਹੇ ਹਨ। ਬਹੁਤੇ ਕਾਰਖਾਨੇ ਰਸਾਇਣਾਂ ਨਾਲ ਭਰੇ ਪਾਣੀ ਨੂੰ ਸਾਫ਼ ਕਰਨ ਦੀ ਥਾਂ ਵਗਦੇ ਦਰਿਆ ਵਿਚ ਸੁੱਟਣ ਦਾ ਯਤਨ ਕਰਦੇ ਹਨ ਜਾਂ ਧਰਤੀ ਹੇਠਾਂ ਭੇਜ ਰਹੇ ਹਨ।ਇਞ ਪੰਜਾਬ ਦੇ ਪਾਣੀਆਂ ਵਿਚ ਜ਼ਹਿਰ ਘੁਲ ਰਹੀ ਹੈ।ਕਾਇਦੇ ਕਾਨੂੰਨ ਦੀ ਪਾਲਣਾ ਕਰਨਾ ਕਮਜ਼ੋਰੀ ਸਮਝਿਆ ਜਾਣ ਲਗ ਪਿਆ ਹੈ। ਹੱਥੀਂ ਕੰਮ ਕਰਨਾ ਅਸੀਂ ਹੇਠੀ ਸਮਝਣ ਲਗ ਪਏ ਹਾਂ। ਵਿਖਾਵਾ ਸਾਡੇ ਜੀਵਨ ਦਾ ਅੰਗ ਬਣ ਰਿਹਾ ਹੈ। ਵਿਤੋਂ ਵੱਧ ਖਰਚ ਕਰਨ ਨੂੰ ਮਾਣ ਸਮਝਦੇ ਹਾਂ। ਪ੍ਰਵਾਸੀ ਮਜ਼ਦੂਰਾਂ ਉਤੇ ਸਾਡੀ ਨਿਰਭਰਤਾ ਏਨੀ ਵੱਧ ਗਈ ਹੈ ਕਿ ਹੁਣ ਉਨ੍ਹਾਂ ਦੀ ਗਿਣਤੀ ਸੂਬੇ ਵਿਚ ਕੋਈ 25 ਲੱਖ ਤੱਕ ਹੋ ਗਈ ਹੈ। ਖੇਤਾਂ, ਫੈਕਟਰੀਆਂ ਅਤੇ ਘਰਾਂ ਵਿਚ ਹਰ ਥਾਂ ਪ੍ਰਵਾਸੀ ਮਜ਼ਦੂਰ ਨਜ਼ਰ ਆ ਰਹੇ ਹਨ।ਸਾਡੇ ਪਿੰਡ ਇਕ ਇਕ ਕਰਕੇ ਸ਼ਹਿਰਾਂ ਦੀ ਭੇਟ ਚੜ੍ਹ ਰਹੇ ਹਨ। ਉਨ੍ਹਾਂ ਦੇ ਨਾਲ ਹੀ ਸਾਡੀਆਂ ਪਰੰਪਰਾਵਾਂ, ਸੱਭਿਆਚਾਰ, ਲੋਕ ਗੀਤ, ਲੋਕ ਨਾਚ, ਲੋਕ ਬੋਲੀ ਵੀ ਮਰ ਰਹੀ ਹੈ।ਇਸ ਨਾਲ ਆਰਥਿਕਤਾ ਨੂੰ ਤਾਂ ਧੱਕਾ ਲੱਗਿਆ ਹੀ ਹੈ ਪਰ ਨਾਲ ਹੀ ਏਡਜ਼ ਵਰਗੀ ਬਿਮਾਰੀ, ਜੁਰਮ ਅਤੇ ਦੀ ਵਰਤੋ ਵਿਚ ਵੀ ਵਾਧਾ ਹੋ ਰਿਹਾ ਹੈ। ਮਨੁੱਖੀ ਵਿਕਾਸ ਹੋਣ ਦੀ ਥਾਂ ਇਹ ਨਿਘਾਰ ਵੱਲ ਜਾ ਰਿਹਾ ਹੈ ਜਿਸ ਦਾ ਇਕ ਕਾਰਨ ਸਰਕਾਰੀ ਵਿਦਿਅਕ ਢਾਂਚੇ ਦਾ ਟੁੱਟ ਜਾਣਾ ਹੈ।ਸਰਕਾਰ ਅਤੇ ਅਧਿਆਪਕ ਇਸ ਪਾਸੇ ਸੰਜੀਦਾ ਨਹੀਂ ਹਨ।ਇਸੇ ਦਾ ਅਸਰ ਪੰਜਾਬੀਆਂ ਉਤੇ ਪੈ ਰਿਹਾ ਹੈ।ਉਨ੍ਹਾਂ ਦੇ ਜੀਵਨ ਵਿਚੋਂ ਵੀ ਸੰਜੀਦਗੀ ਖਤਮ ਹੋ ਰਹੀ ਹੈ। ਬਹੁਗਿਣਤੀ ਦੀ ਸੋਚ ਬਣ ਰਹੀ ਹੈ ਕਿ ਜੀਵਨ ਵਿਚ ਪੈਸਾ ਹੀ ਸਭ ਤੋਂ ਮਹੱਤਵਪੂਰਨ ਹੈ, ਉਸ ਨੂੰ ਪ੍ਰਾਪਤ ਕਰਨ ਲਈ ਕੁਝ ਵੀ ਕਰ ਲੈਣਾ ਚਾਹੀਦਾ ਹੈ। ਇਸ ਸੋਚ ਨਾਲ ਸਦੀਆਂ ਤੋਂ ਚਲੀਆਂ ਆ ਰਹੀਆਂ ਸਦਾਚਾਰਕ ਕਦਰਾਂ ਕੀਮਤਾਂ ਦਮ ਤੋੜਨ ਲਗ ਪਈਆਂ ਹਨ।ਇਥੋਂ ਤਕ ਕਿ ਸਾਡੇ ਧਾਰਮਿਕ ਆਗੂ ਅਤੇ ਪ੍ਰਚਾਰਕ ਵੀ ਇਸ ਦੀ ਲਪੇਟ ਵਿਚ ਆ ਗਏ ਹਨ।ਉਨ੍ਹਾਂ ਦਾ ਮਿਸ਼ਨ ਲੋਕਾਂ ਨੂੰ ਧਰਮ ਦੇ ਨਾਲ ਜੋੜਨ ਦੀ ਥਾਂ ਮਾਇਆ ਬਟੋਰਨਾ ਬਣ ਗਿਆ ਹੈ।ਉਨ੍ਹਾਂ ਦੇ ਪ੍ਰਵਚਨ, ਕੀਰਤਨ ਜਾਂ ਸੇਵਾ ਮੁੱਲ ਵਿਕਦੀ ਹੈ।ਉਨ੍ਹਾਂ ਲਈ ਇਹ ਇਕ ਵਪਾਰਿਕ ਪੇਸ਼ਾ ਬਣ ਗਿਆ ਹੈ।ਜਦੋਂ ਧਰਮ ਦੇ ਪ੍ਰਚਾਰਕ ਪੈਸੇ ਦਾ ਰੂਪ ਧਾਰਨ ਕਰ ਲੈਣ ਫਿਰ ਭਲਾ ਸਥਿਰ ਤੇ ਸੰਜੀਦਗੀ ਉਥੇ ਕਿਵੇਂ ਠਹਿਰ ਸਕਦੀ ਹੈ।ਇਨ੍ਹਾਂ ਕੋਲ ਸੇਵਾ, ਸਾਦਗੀ, ਨਿਮਰਤਾ ਜਾਂ ਪ੍ਰੇਮ ਭਾਵ ਲਈ ਕੋਈ ਸਥਾਨ ਨਹੀਂ ਹੈ।ਲੋਕਾਂ ਨੂੰ ਸੇਵਾ, ਸੱਚ, ਸਿਮਰਨ, ਸਾਦਗੀ ਦੀ ਸਿੱਖਿਆ ਦੇਣ ਵਾਲੇ ਜਦੋਂ ਆਪ ਹੀ ਉਸ ਤੋਂ ਕੋਹਾਂ ਦੂਰ ਹੋ ਜਾਣਗੇ ਫਿਰ ਉਨ੍ਹਾਂ ਦੇ ਪ੍ਰਬਚਨਾਂ ਦਾ ਸਾਰਥਿਕ ਅਸਰ ਕਿਵੇਂ ਹੋਵੇਗਾ। ਪੁਸਤਕਾਂ ਨਾਲ ਜੁੜੋ ਬੱਚਿਆਂ ਨੂੰ ਆਪਣੀ ਬੋਲੀ ਪੰਜਾਬੀ ਨਾਲ ਜੋੜਿਆ ਜਾਵੇ। ਆਪਣੇ ਸ਼ਾਨਾਮੱਤੇ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਿਆ ਜਾਵੇ ਤਾਂ ਜੋ ਉਨ੍ਹਾਂ ਵਿਚ ਆਪਣੀ ਮਿੱਟੀ ਦਾ ਮੋਹ ਜਾਗੇ। ਇਤਿਹਾਸ ਦੀ ਕਿਤਾਬ ਵਿਚ ਪੰਜਾਬ ਤੇ ਪੰਜਾਬੀਆਂ ਦੀਆਂ ਪ੍ਰਾਪਤੀਆਂ ਬਾਰੇ ਲਿਖਿਆ ਜਾਵੇ।ਸਾਡੇ ਪ੍ਰਚਾਰਕਾਂ ਨੂੰ ਚਾਹੀਦਾ ਹੈ ਕਿ ਉਹ ਗੁਰੂ ਸਾਹਿਬਾਂ ਦੇ ਚਮਤਕਾਰਾਂ ਦੀਆਂ ਸਾਖੀਆਂ ਉਤੇ ਜ਼ੋਰ ਦੇਣ ਦੀ ਥਾਂ ਉਨ੍ਹਾਂ ਦੇ ਉਪਦੇਸ਼ਾਂ ਨੂੰ ਪ੍ਰਚਾਰਿਆ ਜਾਵੇ।ਵਡੇਰਿਆਂ ਦੀਆਂ ਕੁਰਬਾਨੀਆਂ ਤੇ ਆਪਣੇ ਮਹਾਨ ਵਿਰਸੇ ਦੀਆਂ ਬਾਤਾਂ ਪਾਈਆਂ ਜਾਣ। ਪੰਜਾਬ ਦੇ ਸਕੂਲਾਂ ਵਿਚ ਪੜ੍ਹਾਈਆਂ ਜਾਣ ਵਾਲੀਆਂ ਪੁਸਤਕਾਂ ਵਿਚ ਪੰਜਾਬ, ਪੰਜਾਬੀ ਸੱਭਿਆਚਾਰ ਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਮੁੱਖ ਤੌਰ ਉਤੇ ਉਘਾੜਿਆ ਜਾਵੇ।ਉਨ੍ਹਾਂ ਲਈ ਰੁਜ਼ਗਾਰ ਦੇ ਵਸੀਲੇ ਬਣਾਏ ਜਾਣ। ਬੱਚਿਆਂ ਨੂੰ ਹੁਨਰੀ ਬਣਾਈਏ ਤੇ ਆਪਣੇ ਪੈਰਾਂ ਉਤੇ ਖੜ੍ਹੇ ਹੋਣਾ ਸਿਖਾਈਏ।ਆਵੋ- ਰਲ ਕੇ ਯਤਨ ਕਰੀਏ ਪੰਜਾਬ, ਪੰਜਾਬੀ ਤੇ ਪੰਜਾਬੀ ਸੱਭਿਆਚਾਰ ਨਾਲ ਨਵੀਂ ਪੀੜ੍ਹੀ ਨੂੰ ਜੋੜੀਏ। ਅਜੇਹਾ ਉਦੋਂ ਹੀ ਹੋ ਸਕਦਾ ਹੈ ਜਦੋਂ ਅਸੀਂ ਮੁੰਡਿਆਂ ਹੱਥ ਕਿਤਾਬਾਂ ਫੜਾਵਾਂਗੇ, ਉਨ੍ਹਾਂ ਨੂੰ ਵਿਦਿਆ ਪ੍ਰਾਪਤੀ ਲਈ ਉਕਸਾਵਾਂਗੇ। ਪੰਜਾਬੀ ਖਾਸ ਕਰਕੇ ਸਿੱਖਾਂ ਨੂੰ ਤਾਂ ਗੁਰੂ ਨਾਨਕ ਸਾਹਿਬ ਨੇ ਗਿਆਨ ਤੇ ਕਿਰਤ ਦੇ ਲੜ ਲਾਇਆ ਸੀ ਫਿਰ ਨਵੀਂ ਪੀੜ੍ਹੀ ਗਿਆਨ ਵਿਹੂਣੀ ਹੋ ਕੇ ਕੁਰਾਹੇ ਕਿਉਂ ਪੈ ਰਹੀ ਹੈ ਅਤੇ ਇਸ ਬਾਰੇ ਚਿੰਤਨ ਦੀ ਲੋੜ ਹੈ। ਹਰ ਮੋੜ ਉਤੇ ਵਿਦੇਸ਼ ਭੇਜਣ ਵਾਲੀਆਂ ਦੁਕਾਨਾਂ ਨਜਰ ਆਉਂਦੀਆਂ ਹਨ ਪਰ ਕਿਤੇ ਵੀ ਮੁਕਾਬਲੇ ਦੇ ਇਮਤਿਹਾਨਾਂ ਲਈ ਤਿਆਰ ਕਰਨ ਦੇ ਕੋਚਿੰਗ ਸੈਂਟਰ ਨਜ਼ਰ ਨਹੀਂ ਆਉਂਦੇ। ਵਿਦੇਸ਼ ਜ਼ਰੂਰ ਜਾਵੋ ਪਰ ਇਥੋਂ ਪੜ੍ਹ ਲਿਖ ਕੇ ਜਾਵੋ ਤੇ ਉਥੇ ਪੜ੍ਹਾਈ ਕਰਕੇ ਉਚੀਆਂ ਪਦਵੀਆਂ ਪਾਵੋ।




ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold key
INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** | 5-8430 128TH ST. | MON-FRI | 8 AM - 8 PM |
| **(604) 502 - 0441** | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| **VANCOUVER** | 4038 KNIGHT ST. | MON-FRI | 9 AM - 8 PM |
| **(604) 325 - 1241** | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

ICBC autoplan

**OPEN 7 DAYS**

www.goldkeyinsurance.ca


fruiticana hee jaana!
Your one and only Punjabi neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
UNBEATABLE EXTRA SUPER SPECIAL
Yellow Onions 50 lbs
Red Onions 25 lbs
ਪੀਲੇ ਗੰਢੇ ਲਾਲ ਗੰਢੇ
YELLOW ONIONS
RED ONIONS
$12.99 bag
EXTRA SUPER SUPER SPECIAL
Cilantro
ਧਣੀਆ
2 bunches for 99¢
Spinach
ਪਾਲਕ
$1.29 bunch
SUPER SUPER SPECIAL
Long English Cucumber
ਲੰਬੇ ਇੰਗਲਿਸ਼ ਖੀਰੇ
88¢ ea.
SUPER SPECIAL
Walnuts in Shell
ਸਾਬਤ ਅਖਰੋਟ
$2.99 lb
Red Lentil Split
ਧੋਤੀ ਮਸਰਾਂ ਦੀ ਦਾਲ
88¢ lb
SUPER SPECIAL
Green, Red, Yellow & Orange Peppers BC
ਸ਼ਿਮਲਾ ਮਿਰਚਾਂ
(ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ)
99¢ lb
SUPER SPECIAL
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Large Size Almonds
ਵੱਡੇ ਬਦਾਮ
$3.98 lb
Chickpeas
ਚਿੱਟੇ ਛੋਲੇ
99¢ lb
SUPER SPECIAL
Indican Tea 216's
ਇੰਡਿਕਨ ਚਾਹ
$4.99 box
SUPER SPECIAL
Pears Bartlett & Anjou USA #1
ਅੰਨਜੂ ਨਾਸਪਤੀ ਜਾਂ ਨਾਸ਼ਪਾਤੀ ਯੂ.ਐਸ. #੧
99¢ lb
Roasted Peanuts in Shell
ਭੁੰਜੀ ਮੂੰਗਫਲੀ
$2.88 lb
Fresh Ginger
ਤਾਜ਼ਾ ਅਦਰਕ
$1.99 lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag
Red Lentil Whole
ਮਸਰਾ ਦੀ ਸਾਬਤ ਦਾਲ
78¢ lb
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
( ਇੰਡੀਕੈਂਨ )
$3.98 bag
Rapini (Sarson da Saag)
ਸਰਸੋਂ ਦਾ ਸਾਗ
$2.98 bunch
Gala Apples BC
ਗਾਲਾ ਸੇਬ ਬੀਸੀ
79¢ lb
Almond Oil 1 L (Indican)
ਇੰਡਿਕੈਂਨ ਬਦਾਮ ਦਾ ਤੇਲ
$12.99 bottle
Fri Nov 17, 2023 - Wed Nov 22, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana
SINCE 1994
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------ 15230 84 Ave. --------------- 236-317-6272
Surrey----------- 12990 72nd Ave. ------------- 604-503-5510
Surrey ---------- 12788 76A Ave. Surrey ----- 604-597-1676
Surrey ---------- 16788 64 Ave. --------------- 604-372-2023
Surrey ---------- 101-7228 192St. ------------- 604-575-3750
New Westminster 101-331 6th St. ------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520